Employment Security Department
WASHINGTON STATE

# ਨੌਕਰੀ ਲੱਭਣ ਸੰਬੰਧੀ ਲੋੜਾਂ

**ਨੌਕਰੀ ਲੱਭਣ ਸੰਬੰਧੀ ਲੋੜਾਂ ਦੁਬਾਰਾ ਉਪਲਬਧ ਹਨ।**

COVID-19 ਸੰਕਟ ਦੇ ਨਤੀਜੇ ਵਜੋਂ, ਗਵਰਨਰ ਨੇ, ਲੈਜ਼ਿਸਲੇਚਰ ਦੀ ਮਦਦ ਨਾਲ ਮਹਾਂਮਾਰੀ ਦੇ ਅਰੰਭ ਵਿੱਚ ਨੌਕਰੀ ਲੱਭਣ ਸੰਬੰਧੀ ਲੋੜਾਂ ਨੂੰ ਮੁਅੱਤਲ ਕਰ ਦਿੱਤਾ ਸੀ। ਆਰਥਿਕਤਾ ਦੇ ਸੁਧਾਰ ਨਾਲ, ਨੌਕਰੀ ਲੱਭਣ ਸੰਬੰਧੀ ਲੋੜਾਂ ਦੁਬਾਰਾ ਉਪਲਬਧ ਹਨ। ਇਸਦਾ ਅਰਥ ਹੈ ਕਿ ਤੁਹਾਨੂੰ ਬੇਰੁਜ਼ਗਾਰੀ ਦੇ ਲਾਭਾਂ ਲਈ ਯੋਗ ਰਹਿਣ ਵਾਸਤੇ ਹਰ ਹਫ਼ਤੇ ਘੱਟੋ-ਘੱਟ ਤਿੰਨ ਪ੍ਰਵਾਨਿਤ ਨੌਕਰੀ ਲੱਭਣ ਦੀਆਂ ਗਤੀਵਿਧੀਆਂ ਲਈ ਕੰਮ ਦੀ ਖੋਜ ਕਰਨੀ ਪਵੇਗੀ ਅਤੇ ਦਸਤਾਵੇਜ਼ ਜ਼ਰੂਰ ਬਣਾਉਣਾ ਚਾਹੀਦਾ ਹੈ।

**ਨੌਕਰੀ ਲੱਭਣ ਸੰਬੰਧੀ ਲੋੜਾਂ ਕਦੋਂ ਲਾਗੂ ਹੋਣਗੀਆਂ?**

ਆਪਣੀ ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ 4 ਜੁਲਾਈ ਤੋਂ 10 ਜੁਲਾਈ ਦੇ ਹਫ਼ਤੇ ਵਿੱਚ ਸ਼ੁਰੂ ਕਰੋ।

ਉਨ੍ਹਾਂ ਗਤੀਵਿਧੀਆਂ ਬਾਰੇ ਦੱਸੋ ਜੋ 11 ਜੁਲਾਈ ਦੇ ਹਫ਼ਤੇ ਤੋਂ ਸ਼ੁਰੂ ਹੁੰਦੀਆਂ ਹਨ, ਅਤੇ ਹਰ ਹਫ਼ਤੇ ਤੁਹਾਨੂੰ ਇਸਦੇ ਬਾਅਦ ਲਾਭ ਦੀ ਜ਼ਰੂਰਤ ਹੁੰਦੀ ਹੈ।

**ਇਸ ਪੰਨੇ 'ਤੇ**


- ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਦੀ ਸੂਚੀ
- ਅਕਸਰ ਪੁੱਛੇ ਜਾਣ ਵਾਲੇ ਸਵਾਲ
- ਨੌਕਰੀ ਲੱਭਣ ਵਿੱਚ ਮਦਦ ਪ੍ਰਾਪਤ ਕਰੋ


# ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਦੀ ਸੂਚੀ

**ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਨੂੰ ਆਪਣੇ ਲਈ ਕਾਰਗਰ ਬਣਾਓ**

ਹੇਠ ਦਿੱਤੇ ਚਾਰਟ ਵਿੱਚ ਪ੍ਰਵਾਨਿਤ ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਦੀ ਮੌਜੂਦਾ ਸੂਚੀ ਸ਼ਾਮਲ ਹੈ। ਜੇ ਤੁਸੀਂ ਨਿਯਮਤ ਬੇਰੁਜ਼ਗਾਰੀ ਬੀਮਾ ਜਾਂ PEUC (Pandemic Emergency Unemployment Compensation, ਮਹਾਂਮਾਰੀ ਐਮਰਜੈਂਸੀ ਬੇਰੁਜ਼ਗਾਰੀ ਮੁਆਵਜ਼ਾ) ਪ੍ਰਾਪਤ ਕਰ ਰਹੇ ਹੋ ਤਾਂ ਤੁਹਾਨੂੰ ਲਾਭ ਲੈਣ ਦੇ ਯੋਗ ਰਹਿਣ ਲਈ ਹਰੇਕ ਤਿੰਨ ਹਫ਼ਤੇ ਪੂਰੇ ਕਰਨੇ ਪੈਣਗੇ। ਜੇ ਤੁਸੀਂ PUA (Pandemic Unemployment Assistance, ਮਹਾਂਮਾਰੀ ਬੇਰੁਜ਼ਗਾਰੀ ਸਹਾਇਤਾ) ਪ੍ਰਾਪਤ ਕਰ ਰਹੇ ਹੋ ਤਾਂ

ਤੁਹਾਨੂੰ ਇੱਕ ਮਨਜ਼ੂਰਸ਼ੁਦਾ ਗਤੀਵਿਧੀ ਨੂੰ ਪੂਰਾ ਕਰਨਾ ਪਵੇਗਾ, ਹਾਲਾਂਕਿ ਅਸੀਂ ਤੁਹਾਨੂੰ ਤਿੰਨ ਨੂੰ ਪੂਰਾ ਕਰਨ ਲਈ ਮਜ਼ਬੂਤੀ ਨਾਲ ਉਤਸ਼ਾਹਿਤ ਕਰਦੇ ਹਾਂ।

ਅਸੀਂ ਤੁਹਾਡੀ ਨੌਕਰੀ ਲੱਭਣ ਨੂੰ ਵਧੇਰੇ ਅਰਥਪੂਰਨ ਬਣਾਉਣ ਲਈ ਇਸ ਸੂਚੀ ਨੂੰ ਹਾਲ ਹੀ ਵਿੱਚ ਵਿਸਥਾਰ ਕੀਤਾ ਹੈ – ਅਤੇ ਬਹੁਤ ਸਾਰੇ ਵਿਕਲਪ ਪ੍ਰਦਾਨ ਕੀਤੇ ਹਨ, ਜੋ ਕਿ ਵਰਚੁਅਲ ਤਰੀਕੇ ਨਾਲ ਕੀਤੇ ਜਾ ਸਕਦੇ ਹਨ!

ਨਿਯੋਕਤਾ ਸਟੇਟ ਭਰ ਵਿੱਚ ਨੌਕਰੀ ਲਈ ਭਰਤੀ ਕਰ ਰਹੇ ਹਨ, ਇਸ ਲਈ ਤੁਹਾਡਾ ਜੋ ਵੀ ਤਜਰਬਾ ਜਾਂ ਉਦਯੋਗ ਹੋਵੇ, ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਨੂੰ ਆਪਣੇ ਲਈ ਕਾਰਗਰ ਬਣਾਓ ਅਤੇ ਤੁਹਾਨੂੰ ਉਹ ਨੌਕਰੀ ਦਿਵਾਉਣ ਵਿੱਚ ਸਹਾਇਤਾ ਮਿਲੇ।

| **ਗਤੀਵਿਧੀ ਦੀ ਕਿਸਮ** | **ਨੌਕਰੀ ਲੱਭਣ ਸੰਬੰਧੀ ਮਨਜ਼ੂਰਸ਼ੁਦਾ ਗਤੀਵਿਧੀ** | **ਦਸਤਾਵੇਜ਼ ਸੰਬੰਧੀ ਵਿਚਾਰ** | **ਵਧੇ ਹੋਏ ਲਾਭਾਂ ਲਈ ਪ੍ਰਵਾਨਗੀ* ਲਈ ਮਨਜ਼ੂਰਸ਼ੁਦਾ** |
|---|---|---|---|
| **ਨਿਯੋਕਤਾ ਸੰਪਰਕ** | ਨਿਯੋਕਤਾ ਨਾਲ ਸੰਪਰਕ (ਅਰਜ਼ੀ, ਜਾਣਕਾਰੀ ਇੰਟਰਵਿਊ, ਨੌਕਰੀ ਦੀ ਇੰਟਰਵਿਊ, ਫਾਲੋ-ਅਪ ਗੱਲਬਾਤ ਜਾਂ ਈਮੇਲ) | ਨੌਕਰੀ ਸਿਰਲੇਖ ਜਾਂ ਸੰਦਰਭ ਨੰਬਰ, ਨਿਯੋਕਤਾ ਜਾਂ ਵਪਾਰ ਦਾ ਨਾਮ, ਤੁਸੀਂ ਨਿਯੋਕਤਾ ਨਾਲ (ਵਿਅਕਤੀਗਤ, ਔਨਲਾਈਨ, ਫ਼ੋਨ, ਈਮੇਲ ਜਾਂ ਹੋਰ ਰਾਹੀਂ) ਕਿਵੇਂ ਸੰਪਰਕ ਕੀਤਾ ਬਾਰੇ ਜਾਣਕਾਰੀ ਜਾਂ ਵਪਾਰ ਸੰਪਰਕ ਦੀ ਜਾਣਕਾਰੀ | X |
| **WorkSource** | WorkSourceWA.com'ਤੇ ਇੱਕ ਖਾਤਾ ਬਣਾਓ | ਤੁਹਾਡੇ ਖਾਤਾ ਪੰਨੇ ਦਾ ਸਕ੍ਰੀਨਸ਼ਾਟ | |
| **WorkSource** | ਆਪਣਾ ਰਿਜ਼ਿਊਮ WorkSourceWA.com 'ਤੇ ਅੱਪਲੋਡ ਕਰੋ ਅਤੇ ਇਸ ਨੂੰ ਨਿਯੋਕਤਾ ਖੋਜ ਸਕਦੇ ਹੋਣ | ਤੁਹਾਡੇ ਰਿਜ਼ਿਊਮ ਦਾ ਸਕ੍ਰੀਨਸ਼ਾਟ ਜਾਂ ਕਾਪੀ | |
| **WorkSource** | WorkSource ਦੁਆਰਾ ਪ੍ਰਾਯੋਜਿਤ ਵਿਅਕਤੀਗਤ ਜਾਂ ਵਰਚੁਅਲ ਤੌਰ 'ਤੇ ਵਰਕਸ਼ਾਪ ਵਿੱਚ ਹਿੱਸਾ ਲਓ | ਵਰਕਸ਼ਾਪ ਦਾ ਨਾਮ, ਮਿਤੀ, ਸਮਾਂ ਅਤੇ ਸਥਾਨ | |

| | | |
|---|---|---|
| **WorkSource** | WorkSource ਦੁਆਰਾ ਪ੍ਰਯੋਜਿਤ ਜੌਬ ਫੇਅਰ ਜਾਂ ਭਰਤੀ ਇਵੈਂਟ ਚ ਵਿਅਕਤੀਗਤ ਜਾਂ ਵਰਚੁਅਲ ਤੌਰ 'ਤੇ ਹਿੱਸਾ ਲਓ ਅਤੇ ਘੱਟੋ-ਘੱਟ ਇੱਕ ਨਿਯੋਕਤਾ ਨਾਲ ਸੰਪਰਕ ਕਰੋ | ਪ੍ਰੋਗਰਾਮ ਦਾ ਨਾਮ, ਤਾਰੀਖ਼ ਅਤੇ ਜਾਣਕਾਰੀ ਜਿੱਥੇ ਜਾਂ ਜਿਵੇਂ ਤੁਸੀਂ ਹਿੱਸਾ ਲਿਆ, ਨਿਯੋਕਤਾ ਦਾ ਨਾਮ |
| **WorkSource** | WorkSource ਦੁਆਰਾ ਪ੍ਰਯੋਜਿਤ ਇੱਕ ਜੌਬ ਕਲੱਬ ਵਿੱਚ ਹਿੱਸਾ ਲਓ | ਕਲੱਬ ਦਾ ਨਾਮ, ਤਾਰੀਖ਼ ਅਤੇ ਜਿਵੇਂ ਜਾਂ ਜਿੱਥੇ ਤੁਸੀਂ ਸ਼ਾਮਲ ਹੋਏ |
| **WorkSource** | RESEA (Reemployment Services and Eligibility Assessment, ਪੁਨਰ ਸੇਵਾਵਾਂ ਅਤੇ ਅਤੇ ਯੋਗਤਾ ਮੁਲਾਂਕਣ) ਦੇ ਸ਼ੁਰੂਆਤੀ ਜਾਂ ਫਾਲੋ-ਅਪ ਅਪੌਇੰਟਮੈਂਟ ਵਿੱਚ ਹਿੱਸਾ ਲਓ | ਗਤੀਵਿਧੀ ਦਾ ਨਾਮ, ਤਾਰੀਖ਼, ਅਤੇ ਕਿੱਥੇ ਜਾਂ ਕਿਵੇਂ ਪੂਰੀ ਕੀਤੀ |
| **WorkSource** | WorkSource ਦੁਆਰਾ ਪ੍ਰਯੋਜਿਤ ਇੱਕ ਆਮ ਜੌਬ ਕਲੱਬ ਵਿੱਚ ਹਿੱਸਾ ਲਓ | ਗਤੀਵਿਧੀ ਦਾ ਨਾਮ, ਤਾਰੀਖ਼, ਅਤੇ ਕਿੱਥੇ ਜਾਂ ਕਿਵੇਂ ਤੁਸੀਂ ਸ਼ਾਮਲ ਹੋਏ (ਵਰਚੁਅਲ ਜਾਂ ਵਿਅਕਤੀਗਤ ਤੌਰ 'ਤੇ) |
| **WorkSource** | WorkSource ਸਿਰਲੇਖ। ਸੇਵਾਵਾਂ ਬਾਰੇ ਜਾਣਕਾਰੀ ਲਈ ਮਾਹਰ ਜਾਂ ਕੈਰੀਅਰ ਕੋਚ ਨਾਲ ਮੁਲਾਕਾਤ ਕਰੋ | ਗਤੀਵਿਧੀ ਦਾ ਨਾਮ, ਤਾਰੀਖ਼, ਅਤੇ ਕਿੱਥੇ ਜਾਂ ਕਿਵੇਂ ਪੂਰੀ ਕੀਤੀ |
| **WorkSource** | WIOA ਸਿਰਲੇਖ I-B ਪ੍ਰੋਗਰਾਮ ਵਿੱਚ ਦਾਖਲ ਹੋਵੋ ਅਤੇ ਇੱਕ ਵਿਅਕਤੀਗਤ ਰੁਜ਼ਗਾਰ ਪਲਾਨ ਦਾ ਵਿਕਾਸ ਕਰੋ | ਗਤੀਵਿਧੀ ਦਾ ਨਾਮ, ਤਾਰੀਖ਼, ਅਤੇ ਕਿੱਥੇ ਜਾਂ ਕਿਵੇਂ ਪੂਰੀ ਕੀਤੀ |
| **WorkSource** | WIOA ਸਿਰਲੇਖ I-B ਪ੍ਰੋਗਰਾਮ ਵਿੱਚ ਦਾਖ਼ਲ ਹੋਵੋ ਅਤੇ ਘੱਟੋ-ਘੱਟ ਇੱਕ ਮੂਲ ਜਾਂ ਵਿਅਕਤੀਗਤ ਕੈਰੀਅਰ ਸੇਵਾ ਪ੍ਰਾਪਤ ਕਰੋ ਜਿਵੇਂ ਕਿ ਵਰਕਫੋਰਸ ਦੀ ਤਿਆਰੀ, ਵਿੱਤੀ ਸਾਖਰਤਾ ਜਾਂ ਸ਼ਾਰਟ-ਟਰਮ ਪ੍ਰੀ-ਵੋਕੇਸ਼ਨਲ ਕੋਰਸ ਵਿੱਚ ਹਿੱਸਾ ਲਓ। | ਗਤੀਵਿਧੀ ਦਾ ਨਾਮ, ਤਾਰੀਖ਼, ਅਤੇ ਕਿੱਥੇ ਜਾਂ ਕਿਵੇਂ ਪੂਰੀ ਕੀਤੀ |

| | | |
|---|---|---|
| **WorkSource** | WIOA ਸਿਰਲੇਖ I-B ਮੌਜੂਦਾ ਕਰਮਚਾਰੀ ਸਿਖਲਾਈ ਵਿੱਚ ਹਿੱਸਾ ਲਓ | ਗਤੀਵਿਧੀ ਦਾ ਨਾਮ, ਤਾਰੀਖ਼, ਅਤੇ ਕਿੱਥੇ ਜਾਂ ਕਿਵੇਂ ਪੂਰੀ ਕੀਤੀ |
| **WorkSource** | WIOA ਸਿਰਲੇਖ I-B ਅਦਾਇਗੀ ਯੋਗ ਜਾਂ ਗੈਰ-ਅਦਾਇਗੀ ਯੋਗ ਕੰਮ ਅਨੁਭਵ ਜਾਂ ਇੰਟਰਨਸ਼ਿਪ ਵਿੱਚ ਹਿੱਸਾ ਲਓ | ਗਤੀਵਿਧੀ ਦਾ ਨਾਮ, ਤਾਰੀਖ਼, ਅਤੇ ਕਿੱਥੇ ਜਾਂ ਕਿਵੇਂ ਪੂਰੀ ਕੀਤੀ |
| **WorkSource** | WIOA ਸਿਰਲੇਖ I-B ਆਨ-ਜੌਬ ਟ੍ਰੇਨਿੰਗ ਵਿੱਚ ਹਿੱਸਾ ਲਓ | ਗਤੀਵਿਧੀ ਦਾ ਨਾਮ, ਤਾਰੀਖ਼, ਅਤੇ ਕਿੱਥੇ ਪੂਰੀ ਕੀਤੀ |
| **ਹੋਰ** | esd.wa.gov/labormarketinfo 'ਤੇ ਲੇਬਰ ਮਾਰਕਿਟ ਦੀ ਖੋਜ ਕਰੋ | ਜਾਣਕਾਰੀ ਦਾ ਲਿੰਕ ਜਾਂ ਸਕ੍ਰੀਨਸ਼ਾਟ |
| **ਹੋਰ** | ਨੌਕਰੀ ਖੋਜ ਦੇ ਵਿਸ਼ੇ 'ਤੇ ਇੱਕ ਔਨਲਾਈਨ ਵੀਡੀਓ ਦੇਖੋ, ਉਦਾਹਰਣ ਲਈ ਇੱਕ YouTube ਵੀਡੀਓ (ਉਦਾਹਰਣ ਲਈ: ਇੱਕ ਕਵਰ ਲੈਟਰ ਕਿਵੇਂ ਲਿਖਣਾ ਹੈ ਰਿਜ਼ਿਊਮ ਲਿਖਣਾ ਜਾਂ ਇੰਟਰਵਿਊ ਹੁਨਰ) | ਵੀਡੀਓ ਲਾਂਚ ਪੰਨੇ ਦੀ ਵੀਡੀਓ ਜਾਂ ਸਕ੍ਰੀਨਸ਼ਾਟ ਨਾਲ ਲਿੰਕ ਕਰੋ |
| **ਹੋਰ** | ਜੌਬ ਫੇਅਰ ਜਾਂ ਕਿਸੇ ਇੰਟਰਵਿਊ ਦੇ ਦੌਰਾਨ ਵਰਤਣ ਲਈ 30 ਸਕਿੰਟ ਦਾ "ਐਲੀਵੇਟਰ ਭਾਸ਼ਣ" ਤਿਆਰ ਕਰੋ | ਸਕ੍ਰੀਨਸ਼ਾਟ ਜਾਂ ਦਸਤਾਵੇਜ਼ |
| **ਹੋਰ** | ਨਵਾਂ ਖਾਤਾ ਬਣਾਓ ਜਾਂ ਨੌਕਰੀ ਲੱਭਣ ਸੰਬੰਧੀ ਸਾਈਟਾਂ (Indeed, LinkedIn, Glassdoor, CareerBuilder, Monster, Google Careers, ਜਾਂ ਹੋਰ) 'ਤੇ ਆਪਣਾ ਖਾਤਾ ਅੱਪਡੇਟ ਕਰੋ ਅਤੇ ਨਵੀਆਂ ਨੌਕਰੀਆਂ ਦੀ ਖੋਜ ਕਰੋ | ਤੁਹਾਡੇ ਪ੍ਰੋਫਾਈਲ ਅਤੇ ਨਵੀਆਂ ਨੌਕਰੀਆਂ ਦਾ ਲਿੰਕ ਜਾਂ ਇੱਕ ਸਕ੍ਰੀਨਸ਼ਾਟ |

| | | | |
|---|---|---|---|
| ਹੋਰ | ਇੱਕ ਖਾਤਾ ਬਣਾਓ ਅਤੇ ਆਪਣਾ ਕੰਮ ਸ਼ੁਰੂ ਕਰਨ ਅਤੇ ਔਨਲਾਈਨ ਨੌਕਰੀ ਲੱਭਣ ਵਾਲੀਆਂ ਨੌਕਰੀਆਂ ਦੀਆਂ ਅਰਜ਼ੀਆਂ (Job Scan, Bright Move, Hiring Solved, ਜਾਂ ਹੋਰ) ਦੇ ਨਾਲ ਕਵਰ ਲੈਟਰ ਪੋਸਟ ਕਰੋ | ਸਫਲ ਖਾਤਾ ਬਣਾਉਣਾ ਅਤੇ ਖਾਸ ਨੌਕਰੀ ਦੀ ਸ਼ੁਰੂਆਤ ਲਈ ਪੰਨੇ ਨੂੰ ਦਿਖਾਉਂਦੇ ਹੋਏ ਲਿੰਕ ਜਾਂ ਸਕ੍ਰੀਨਸ਼ਾਟ | |
| ਹੋਰ | ਕਿਸੇ ਨਿੱਜੀ ਕੈਰੀਅਰ ਕੋਚ ਜਾਂ ਸਰਵਿਸ ਨਾਲ ਸਾਈਨ ਅੱਪ ਕਰੋ | ਐਗਰੀਮੈਂਟ ਦਾ ਲਿੰਕ ਜਾਂ ਸਕ੍ਰੀਨਸ਼ਾਟ | |
| ਹੋਰ | ਸਥਾਈ ਪਲੇਸਮੈਂਟ ਏਜੰਸੀ, ਭਰਤੀ ਕਰਨ ਵਾਲੇ ਭਰਤੀ ਕਰਨ ਵਾਲਾ ਜਾਂ ਹੈੱਡਹੰਟਰ ਸਰਵਿਸ ਨਾਲ ਰਜਿਸਟਰ ਕਰੋ | ਆਪਣੇ ਰਜਿਸਟਰੇਸ਼ਨ ਦੇ ਦਸਤਾਵੇਜ਼ ਵਾਲੇ ਪੰਨੇ ਦਾ ਸਕ੍ਰੀਨਸ਼ਾਟ ਲਓ | |
| ਹੋਰ | ਨੌਕਰੀ ਖੋਜ ਨਾਲ ਜੁੜੇ ਵੈਬੀਨਾਰਾਂ ਜਾਂ ਪਲੇਸਮੈਂਟ ਏਜੰਸੀਆਂ ਦੁਆਰਾ ਪ੍ਰਾਯੋਜਿਤ ਕੋਰਸਾਂ ਵਿੱਚ ਹਿੱਸਾ ਲਓ | ਦਸਤਾਵੇਜ਼ ਪੂਰਾ ਹੋਣ ਦਾ ਲਈ ਪੰਨੇ ਦਾ ਲਿੰਕ ਜਾਂ ਸਕ੍ਰੀਨਸ਼ਾਟ | |
| ਹੋਰ | ਵਿਅਕਤੀਗਤ ਜਾਂ ਵਰਚੁਅਲ ਜੌਬ ਫੇਅਰ ਜਾਂ ਭਰਤੀ ਦੇ ਇਵੈਂਟ ਵਿੱਚ ਸ਼ਾਮਲ ਹੋਵੋ ਅਤੇ ਘੱਟੋ-ਘੱਟ ਇੱਕ ਨਿਯੋਕਤਾ ਸੰਪਰਕ ਕਰੋ | ਜੌਬ ਫੇਅਰ ਪ੍ਰਤੀਨਿਧੀ ਵੱਲੋਂ ਰਜਿਸਟ੍ਰੇਸ਼ਨ ਪੱਤਰ ਜਾਂ ਈਮੇਲ; ਨਿਯੋਕਤਾ ਜਾਂ ਵਪਾਰ ਦਾ ਨਾਮ, ਤੁਹਾਡੇ ਦੁਆਰਾ ਨਿਯੋਕਤਾ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ (ਵਿਅਕਤੀਗਤ, ਔਨਲਾਈਨ, ਫ਼ੋਨ, ਈਮੇਲ ਜਾਂ ਹੋਰ) ਜਾਂ ਵਪਾਰਕ ਸੰਪਰਕ ਦੀ ਜਾਣਕਾਰੀ | X |
| ਹੋਰ | ਵਰਚੁਅਲ ਜਾਂ ਰਿਮੋਟ ਨੌਕਰੀ ਸ਼ੈਡੋਇੰਗ ਵਿੱਚ ਹਿੱਸਾ ਲੈਣਾ | ਉਸ ਵਿਅਕਤੀ ਦੀ ਚਿੱਠੀ ਜਾਂ ਈਮੇਲ ਦੀ ਕਾਪੀ ਜਿਸ ਨੇ ਤੁਸੀਂ ਸ਼ੈਡੋ ਕੀਤਾ ਸੀ। ਜੇ ਇਹ ਜੌਬ ਸ਼ੈਡੋ ਇੱਕ ਖਾਸ ਖੁਲ੍ਹੀ ਪੁਜ਼ੀਸ਼ਨ ਹੈ, ਤਾਂ | X |

| | | | |
|---|---|---|---|
| | | ਇਸ ਨੂੰ ਵਧੇ ਹੋਏ ਲਾਭਾਂ ਲਈ ਨਿਯੋਕਤਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। | |
| **ਹੋਰ** | ਕਿਸੇ ਨਿੱਜੀ ਜਾਂ ਕਮਿਉਨਿਟੀ ਜੌਬ ਕਲੱਬ ਵਿੱਚ ਹਿੱਸਾ ਲਓ | ਕਲੱਬ ਲੀਡਰ ਜਾਂ ਪ੍ਰਯੋਜਕ ਦਾ ਪੱਤਰ ਜਾਂ ਈਮੇਲ | |
| **ਹੋਰ** | OJT (on-the-job training ,ਆਨ-ਦ-ਜੌਬ ਟ੍ਰੇਨਿੰਗ) ਵਿੱਚ ਹਿੱਸਾ ਲਓ | ਕੰਪਨੀ ਦਾ ਨਾਮ, ਸਰਗਰਮੀ ਦੀ ਪੁਜ਼ੀਸ਼ਨ ਦੀ ਕਿਸਮ ਅਤੇ ਕਿੱਥੇ ਜਾਂ ਕਿਵੇਂ ਪੂਰੀ ਹੋਈ। ਜੇ ਇਹ ਨੌਕਰੀ ਦਾ ਸ਼ੈਡੋ ਇੱਕ ਖਾਸ ਓਪਨਿੰਗ ਪੁਜ਼ੀਸ਼ਨ ਲਈ ਹੈ, ਤਾਂ ਇਸ ਨੂੰ ਵਧੇ ਹੋਏ ਲਾਭਾਂ ਲਈ ਨਿਯੋਕਤਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। | X |
| **ਹੋਰ** | ਇੱਕ ਔਨਲਾਈਨ ਦਿਲਚਸਪੀ ਦੀ ਸੂਚੀ (ਜਿਵੇਂ ਕਿ, Strong, My Next Move, Myers/Briggs) ਨੂੰ ਪੂਰਾ ਕਰੋ | ਤੁਹਾਡੇ ਨਤੀਜੇ ਦਾ ਲਿੰਕ ਜਾਂ ਸਕ੍ਰੀਨਸ਼ਾਟ | |
| **ਹੋਰ** | ACT WorkKeys ਦਾ ਮੁਲਾਂਕਣ ਪੂਰਾ ਕਰੋ | ਤੁਹਾਡੇ ਨਤੀਜੇ ਦਾ ਲਿੰਕ ਜਾਂ ਸਕ੍ਰੀਨਸ਼ਾਟ | |
| **ਹੋਰ** | ਇੱਕ ਰਾਸ਼ਟਰੀ ਕੰਮ ਦੀ ਤਿਆਰੀ ਦਾ ਪ੍ਰਮਾਣ-ਪੱਤਰ ਪ੍ਰਾਪਤ ਕਰੋ | ਸਰਟੀਫਿਕੇਟ ਦੀ ਸਕ੍ਰੀਨਸ਼ਾਟ ਜਾਂ ਸਕੈਨ ਕੀਤੀ ਕਾਪੀ | |
| **ਹੋਰ** | ਕਿਸੇ ਕਿੱਤਾਮੁਖੀ ਹੁਨਰ ਜਾਂ ਕੰਪਿਊਟਰ ਕੋਰਸ ਵਿੱਚ ਹਿੱਸਾ ਲਓ | ਤੁਹਾਡੀ ਰਜਿਸਟ੍ਰੇਸ਼ਨ ਦਾ ਸਕ੍ਰੀਨਸ਼ਾਟ ਜਾਂ ਰਸੀਦ ਦੀ ਕਾਪੀ | |

| | | |
|---|---|---|
| **ਹੋਰ** | ਕੰਪਿਊਟਰ ਸਾਖਰਤਾ ਕੋਰਸ ਜਾਂ ਕਲਾਸ ਕਰੋ | ਤੁਹਾਡੀ ਰਜਿਸਟ੍ਰੇਸ਼ਨ ਦਾ ਸਕ੍ਰੀਨਸ਼ਾਟ ਜਾਂ ਰਸੀਦ ਦੀ ਕਾਪੀ |
| **ਹੋਰ** | ESL (English as a Second Language, ਦੂਜੀ ਭਾਸ਼ਾ) ਕੋਰਸ ਜਾਂ ਕਲਾਸ ਵਜੋਂ ਅੰਗਰੇਜ਼ੀ ਵਿੱਚ ਹਿੱਸਾ ਲਓ | ਨਾਮ, ਤਾਰੀਖ਼ ਅਤੇ ਸਥਾਨ, ਰਜਿਸਟ੍ਰੇਸ਼ਨ ਰਸੀਦ ਦੀ ਸਕ੍ਰੀਨਸ਼ਾਟ ਜਾਂ ਸਕੈਨ |
| **ਹੋਰ** | LinkedIn Learning ਪ੍ਰਮਾਣਿਤ ਕੋਰਸਾਂ, ਜਾਂ ਕਿਸੇ ਸਮਾਨ ਔਨਲਾਈਨ ਲਰਨਿੰਗ ਪਲੇਟਫਾਰਮ 'ਤੇ ਕੋਰਸ ਕਰੋ ਜੋ ਪੂਰਾ ਹੋਣ ਦੇ ਸਰਟੀਫਿਕੇਟ ਜਾਰੀ ਕਰਦੇ ਹਨ। | ਕੋਰਸ ਪੂਰਾ ਹੋਣ ਵਾਲੇ ਪੰਨੇ ਦਾ ਲਿੰਕ ਜਾਂ ਸਕ੍ਰੀਨਸ਼ਾਟ |
| **ਹੋਰ** | ਪ੍ਰਾਈਵੇਟ ਸੈਕਟਰ ਦੇ ਅਦਾਇਗੀ ਯੋਗ ਜਾਂ ਗੈਰ-ਅਦਾਇਗੀ ਯੋਗ ਕੰਮ ਅਨੁਭਵ ਜਾਂ ਇੰਟਰਨਸ਼ਿਪ ਵਿੱਚ ਹਿੱਸਾ ਲਓ | ਨਿਯੋਕਤਾ ਤੋਂ ਪੱਤਰ ਜਾਂ ਈਮੇਲ |
| **ਸਿਰਫ਼ ਸਵੈ-ਰੁਜ਼ਗਾਰਦਾਤਾ ਅਤੇ/ਜਾਂ ਵਪਾਰਕ ਨਿਯੋਕਤਾ** | ਤੁਹਾਡੇ ਕਾਰੋਬਾਰ ਨੂੰ ਨਵੇਂ ਅਤੇ ਸੰਭਾਵੀ ਗਾਹਕਾਂ ਲਈ ਇਸ਼ਤਿਹਾਰ ਦੇਣਾ। | ਤੁਹਾਡੇ ਇਸ਼ਤਿਹਾਰ ਦਾ ਲਿੰਕ ਜਾਂ ਸਕ੍ਰੀਨਸ਼ਾਟ (ਡਿਜਿਟਲ, ਅਖਬਾਰ, ਸੋਸ਼ਲ ਮੀਡੀਆ ਆਦਿ) |
| **ਸਿਰਫ਼ ਸਵੈ-ਰੁਜ਼ਗਾਰਦਾਤਾ ਅਤੇ/ਜਾਂ ਵਪਾਰਕ ਨਿਯੋਕਤਾ** | ਨੌਕਰੀਆਂ 'ਤੇ ਬੋਲੀ ਲਗਾਉਣਾ। | ਬੋਲੀ ਲਈ ਪੇਸ਼ ਕੀਤੇ ਪ੍ਰਸਤਾਵ ਦੀ ਕਾਪੀ ਜਾਂ ਤਸਵੀਰ। |

| | | |
|---|---|---|
| **ਸਿਰਫ਼ ਸਵੈ-ਰੁਜ਼ਗਾਰਦਾਤਾ ਅਤੇ/ਜਾਂ ਵਪਾਰਕ ਨਿਯੋਕਤਾ** | ਸੰਭਾਵਿਤ ਜਾਂ ਸਾਬਕਾ ਗਾਹਕਾਂ ਨਾਲ ਸੰਪਰਕ ਕਰਨਾ। | ਨਾਮ, ਸੰਪਰਕ ਕਰਨ ਦੀ ਤਾਰੀਖ਼ ਅਤੇ ਸੰਪਰਕ ਕੀਤੇ ਜਾਣ ਵਾਲੇ ਗਾਹਕ ਦੇ ਸੰਪਰਕ ਦੀ ਜਾਣਕਾਰੀ (ਈਮੇਲ ਜਾਂ ਫ਼ੋਨ ਨੰਬਰ)। |
| **ਸਿਰਫ਼ ਸਵੈ-ਰੁਜ਼ਗਾਰਦਾਤਾ ਅਤੇ/ਜਾਂ ਵਪਾਰਕ ਨਿਯੋਕਤਾ** | ਕਾਰੋਬਾਰ ਨਾਲ ਜੁੜੇ ਹੁਨਰ ਵਿਕਸਿਤ ਕਰਨ ਜਾਂ ਨਵਾਂ ਵਪਾਰ ਸਿੱਖਣ ਲਈ ਵੈਬੀਨਾਰ ਜਾਂ ਵਰਕਸ਼ਾਪ ਵਿੱਚ ਸ਼ਾਮਲ ਹੋਣਾ। | ਰਜਿਸਟ੍ਰੇਸ਼ਨ ਪੱਤਰ ਜਾਂ ਈਮੇਲ ਦੀ ਪੁਸ਼ਟੀ ਕਰਨ ਵਾਲੀ ਈਮੇਲ, ਜਾਂ ਵਰਕਸ਼ਾਪ ਜਾਂ ਵੈਬੀਨਾਰ ਲਈ ਸੰਪੂਰਨਤਾ ਦਾ ਸਰਟੀਫਿਕੇਟ। |
| **ਸਿਰਫ਼ ਸਵੈ-ਰੁਜ਼ਗਾਰਦਾਤਾ ਅਤੇ/ਜਾਂ ਵਪਾਰਕ ਨਿਯੋਕਤਾ** | ਛੋਟੀਆਂ ਕਾਰੋਬਾਰੀ ਸੇਵਾਵਾਂ ਦੀ ਵਰਤੋਂ ਕਰਨਾ ਜਾਂ SBDC (Small Business Development Center , ਛੋਟੇ ਕਾਰੋਬਾਰ ਵਿਕਾਸ ਕੇਂਦਰ) ਪੇਸ਼ੇਵਰ ਨਾਲ ਸਲਾਹ-ਮਸ਼ਵਰਾ ਕਰਨਾ।(ਉਦਾਹਰਨ ਲਈ, ਵੈੱਬਸਾਈਟਾਂ 'ਤੇ ਸੇਵਾ ਵਰਤੋਂ ਕਰਨਾ ਜਿਵੇਂ ਕਿ www.business.wa.gov ਜਾਂ www.sba.gov.) | ਇੱਕ ਛੋਟੀ ਜਿਹੀ ਕਾਰੋਬਾਰੀ ਸੇਵਾ ਵੈੱਬਸਾਈਟ 'ਤੇ ਜਾਣ ਅਤੇ ਸ਼ਮੂਲੀਅਤ ਦਾ ਸਬੂਤ ਦਿਖਾਉਣ ਲਈ ਸਕ੍ਰੀਨਸ਼ਾਟ।<br>SDBC ਪੇਸ਼ੇਵਰ ਦਾ ਨਾਮ ਅਤੇ ਸੰਪਰਕ ਦੀ ਜਾਣਕਾਰੀ। |
| **ਸਿਰਫ਼ ਸਵੈ-ਰੁਜ਼ਗਾਰਦਾਤਾ ਅਤੇ/ਜਾਂ ਵਪਾਰਕ ਨਿਯੋਕਤਾ** | ਤੁਹਾਡੇ ਕਾਰੋਬਾਰ ਨੂੰ ਬਣਾਉਣ ਲਈ ਚੱਲ ਰਹੇ ਅਤੇ ਸਰਗਰਮ ਯਤਨਾਂ ਦਾ ਪ੍ਰਦਰਸ਼ਨ ਕਰਨ ਲਈ ਹੋਰ ਗਤੀਵਿਧੀਆਂ। | ਲਾਇਸੰਸਿੰਗ ਡਿਪਾਰਟਮੈਂਟ ਜਾਂ ਰੈਵੇਨਿਊ ਡਿਪਾਰਟਮੈਂਟ ਨਾਲ ਵਪਾਰਕ ਲਾਇਸੰਸ ਦੇ ਨਾਲ ਤੁਹਾਡੇ ਪੇਸ਼ੇਵਰ ਲਾਇਸੰਸ ਦੇ ਨਵੀਨੀਕਰਨ ਦਾ |

ਸਕ੍ਰੀਨਸ਼ਾਟ ਜਾਂ ਤਸਵੀਰ।

ਤੁਹਾਡੇ ਕਾਰੋਬਾਰ ਦੇ ਕਰਜ਼ੇ ਲਈ ਲੋਨ ਅਫ਼ਸਰ ਦਾ ਨਾਮ ਅਤੇ ਸੰਪਰਕ।

ਤੁਹਾਡੀ ਕਾਰੋਬਾਰੀ ਵੈੱਬਸਾਈਟ ਲਈ ਵੈੱਬਸਾਈਟ ਅਪਡੇਟਾਂ ਦੇ ਟਾਈਮਸਟੈਂਪ ਦੇ ਨਾਲ ਸਕ੍ਰੀਨਸ਼ਾਟ।

ਇੱਕ ਨੈੱਟਵਰਕਿੰਗ ਇਵੈਂਟ ਦਾ ਸਕ੍ਰੀਨਸ਼ਾਟ, ਜਿਸ ਵਿੱਚ ਤੁਸੀਂ ਸ਼ਾਮਲ ਹੋਏ ਜਾਂ ਜਿਸ ਦੀ ਤੁਸੀਂ ਮੇਜ਼ਬਾਨੀ ਕੀਤੀ।

* EB (Extended Benefits, ਐਕਸਟੈਂਡਡ ਬੈਨੀਫਿਟਸ) ਪ੍ਰੋਗਰਾਮ 20 ਹਫ਼ਤਿਆਂ ਤੱਕ ਦੇ ਲਾਭ ਦੀ ਇਜਾਜ਼ਤ ਦਿੰਦਾ ਹੈ ਪਰ ਸਖਤ ਨੌਕਰੀ ਖੋਜ ਦੀਆਂ ਜ਼ਰੂਰਤਾਂ ਨਾਲ ਆਉਂਦਾ ਹੈ। ਚੈੱਕ ਮਾਰਕ ਦੇ ਨਾਲ ਟੇਬਲ 'ਤੇ ਗਤੀਵਿਧੀਆਂ ਦਾ ਅਰਥ ਹੈ ਕਿ ਉਹ ਸਖ਼ਤ EB ਨੌਕਰੀ ਖੋਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਗੇ। EB ਇਸ ਸਮੇਂ Washington ਵਿੱਚ ਉਪਲਬਧ ਨਹੀਂ ਹੈ।

# ਨੌਕਰੀ ਦੀ ਖੋਜ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ (FAQ)

**ਮੈਂ ਮਹਾਂਮਾਰੀ ਬੇਰੋਜ਼ਗਾਰੀ ਸਹਾਇਤਾ (PUA) ਪ੍ਰਾਪਤ ਕਰ ਰਿਹਾ ਹਾਂ। ਕੀ ਮੈਨੂੰ ਕੰਮ ਲੱਭਣ ਦੀ ਜ਼ਰੂਰਤ ਹੈ?**

**ਹਾਂ।** ਤੁਹਾਨੂੰ ਘੱਟੋ-ਘੱਟ ਇੱਕ ਪ੍ਰਵਾਨਗੀ ਵਾਲੀ ਨੌਕਰੀ ਦੀ ਸਰਗਰਮੀ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ, ਭਾਵੇਂ ਤੁਸੀਂ PUA 'ਤੇ ਹੋ। ਅਸੀਂ ਤੁਹਾਨੂੰ ਘੱਟੋ-ਘੱਟ ਤਿੰਨ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਜ਼ੋਰਦਾਰ ਉਤਸ਼ਾਹਿਤ ਕਰਦੇ ਹਾਂ ਕਿਉਂਕਿ:

- **PUA ਲਾਭ ਸਤੰਬਰ 2021 ਦੀ ਸ਼ੁਰੂਆਤ 'ਤੇ ਖਤਮ ਹੋਣ ਵਾਲੇ ਹਨ।** ਇਸ ਤੋਂ ਪਹਿਲਾਂ ਕਿਸੇ ਕੰਮ ਦੀ ਸਰਗਰਮੀ ਨਾਲ ਖੋਜ ਕਰਨਾ ਜੋ ਤੁਹਾਡੇ ਫਾਇਦਿਆਂ ਦੇ ਜਾਣ ਤੋਂ ਪਹਿਲਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰੇਗਾ।

- **ਇਹ ਭਵਿੱਖ ਵਿੱਚ ਸੰਭਾਵਿਤ ਮੁੱਦਿਆਂ ਨੂੰ ਰੋਕ ਸਕਦਾ ਹੈ।** ਜੇ ਸਾਨੂੰ ਤੁਹਾਡੇ ਦਾਅਵੇ ਦਾ ਦੁਬਾਰਾ ਮੁਲਾਂਕਣ ਕਰਨ ਦੀ ਜ਼ਰੂਰਤ ਹੈ, ਅਤੇ ਤੁਹਾਡੇ ਪਿਛਲੇ ਹਫ਼ਤੇ PUA ਦੀ ਥਾਂ 'ਤੇ ਨਿਯਮਤ ਬੇਰੁਜ਼ਗਾਰੀ ਦੇ ਯੋਗ ਹੋ, ਤਾਂ ਤਿੰਨ ਖੋਜਾਂ ਪੂਰੀਆਂ ਕਰਨ ਨਾਲ ਨਿਯਮਤ ਬੇਰੁਜ਼ਗਾਰੀ ਲਾਭਾਂ ਦੀ ਜ਼ਰੂਰਤ ਪੂਰੀ ਹੋ ਸਕਦੀ ਹੈ ਅਤੇ ਪਿਛਲੇ ਹਫ਼ਤਿਆਂ ਵਿੱਚ ਮੁੱਦਿਆਂ ਜਾਂ ਜ਼ਿਆਦਾ ਅਦਾਇਗੀਆਂ ਨੂੰ ਰੋਕ ਸਕਦਾ ਹੈ। ਤੁਸੀਂ ਇਸ ਬਾਰੇ ਹੋਰ ਜਾਣ ਸਕਦੇ ਹੋ ਕਿ ਅਸੀਂ ਆਪਣੀ ਵੈੱਬਸਾਈਟ (ਅੰਗਰੇਜ਼ੀ ਵਿੱਚ) ਦੇ ਸੰਭਾਵੀ ਨਵੇਂ ਦਾਅਵੇ ਦੇ ਚਿਤਾਵਨੀ ਪੰਨੇ 'ਤੇ ਤੁਹਾਡੇ ਦਾਅਵੇ ਦਾ ਮੁੜ ਮੁਲਾਂਕਣ ਕਿਉਂ ਕਰਾਂਗੇ।

## ਮੈਂ ਕੰਮ ਨਹੀਂ ਕਰ ਸਕਦਾ ਕਿਉਂਕਿ ਮੈਨੂੰ COVID-19 ਦਾ ਉੱਚ ਜੋਖਿਮ ਹੈ। ਕੀ ਮੈਨੂੰ ਹਾਲੇ ਵੀ ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਨੂੰ ਪੂਰਾ ਕਰਨਾ ਪਵੇਗਾ?

**ਹਾਂ।** ਜੇ ਤੁਸੀਂ ਬੇਰੁਜ਼ਗਾਰ ਹੋ, ਤਾਂ ਕਨੂੰਨ ਦੁਆਰਾ ਇਹ ਲਾਜ਼ਮੀ ਹੈ ਕਿ ਤੁਹਾਨੂੰ ਲਾਭ ਵਾਸਤੇ ਯੋਗ ਰਹਿਣ ਲਈ ਲੋੜੀਂਦੀ ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਨੂੰ ਪੂਰਾ ਕਰਨਾ ਚਾਹੀਦਾ ਹੈ।

- ਚੇਤੇ ਰੱਖੋ ਕਿ ਇੱਥੇ ਅਜਿਹੀਆਂ ਬਹੁਤ ਸਾਰੀਆਂ ਗਤੀਵਿਧੀਆਂ ਹਨ ਜੋ ਵਰਚੁਅਲ ਤੌਰ 'ਤੇ ਕੀਤੀਆਂ ਜਾ ਸਕਦੀਆਂ ਹਨ।
- ਤੁਸੀਂ ਉਚਿਤ ਕੰਮ ਦੀ ਖੋਜ ਵੀ ਕਰ ਸਕਦੇ ਹੋ ਜੋ ਘਰ ਤੋਂ ਕੀਤਾ ਜਾ ਸਕਦਾ ਹੈ।

## ਮੈਨੂੰ ਮਹਾਂਮਾਰੀ ਐਮਰਜੈਂਸੀ ਬੇਰੁਜ਼ਗਾਰੀ ਮੁਆਵਜ਼ਾ (PEUC) ਪ੍ਰਾਪਤ ਹੋ ਰਿਹਾ ਹੈ। ਕੀ ਮੇਰੇ ਨੌਕਰੀ ਲੱਭਣ ਸੰਬੰਧੀ ਲੋੜਾਂ ਵੱਖਰੀਆਂ ਹਨ?

ਨਹੀਂ। ਤੁਹਾਡੀ ਨੌਕਰੀ ਲੱਭਣ ਸੰਬੰਧੀ ਸ਼ਰਤਾਂ ਉਹੀ ਹਨ ਜੋ ਨਿਯਮਤ ਬੇਰੁਜ਼ਗਾਰੀ ਬੀਮੇ 'ਤੇ ਲਾਗੂ ਹੁੰਦੀਆਂ ਹਨ। ਲਾਭ ਲੈਣ ਦੇ ਯੋਗ ਬਣਨ ਲਈ ਤੁਹਾਨੂੰ ਹਰ ਹਫ਼ਤੇ ਘੱਟੋ-ਘੱਟ ਤਿੰਨ ਨੌਕਰੀ ਲੱਭਣ ਦੀਆਂ ਮਨਜ਼ੂਰਸ਼ੁਦਾ ਗਤੀਵਿਧੀਆਂ ਪੂਰੀਆਂ ਕਰਨੀਆਂ ਪੈਣਗੀਆਂ।

## ਮੈਂ ਸਵੈ-ਰੁਜ਼ਗਾਰਦਾਤਾ ਹਾਂ ਅਤੇ/ਜਾਂ ਇੱਕ ਕਾਰੋਬਾਰੀ ਨਿਯੋਕਤਾ ਹਾਂ। ਕੀ ਮੈਨੂੰ ਹਾਲੇ ਵੀ ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਨੂੰ ਪੂਰਾ ਕਰਨਾ ਪਵੇਗਾ?

ਹਾਂ। ਕਨੂੰਨ ਦੁਆਰਾ ਤੁਹਾਨੂੰ ਲਾਭ ਦੀ ਯੋਗਤਾ ਲਈ ਨੌਕਰੀ ਖੋਜ ਦੀਆਂ ਗਤੀਵਿਧੀਆਂ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ। ਜੇ ਤੁਸੀਂ PUA ਪ੍ਰਾਪਤ ਕਰ ਰਹੇ ਹੋ, ਤੁਹਾਨੂੰ ਘੱਟੋ-ਘੱਟ ਇੱਕ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ। ਜੇ ਤੁਹਾਨੂੰ ਲਗਾਤਾਰ ਬੇਰੁਜ਼ਗਾਰੀ ਦੇ ਲਾਭ ਮਿਲ ਰਹੇ ਹਨ ਤਾਂ ਤੁਹਾਨੂੰ ਘੱਟੋ-ਘੱਟ ਤਿੰਨ ਨੂੰ ਪੂਰਾ ਕਰਨ ਦੀ ਲੋੜ ਹੈ।

ਤੁਹਾਨੂੰ ਇਹ ਤਿੰਨ ਗੱਲਾਂ ਜਾਣਨ ਦੀ ਲੋੜ ਹੈ:

1. ਜ਼ਿਆਦਾਤਰ ਗਤੀਵਿਧੀਆਂ ਵਿੱਚ ਦੂਜੇ ਨਿਯੋਕਤਾ ਨਾਲ ਨੌਕਰੀਆਂ ਲਈ ਬਿਨੈ ਕਰਨਾ ਸ਼ਾਮਲ ਨਹੀਂ ਹੁੰਦਾ ਹੈ।
2. ਇਸ ਲੋੜ ਨੂੰ ਤੁਹਾਡੇ ਵਾਸਤੇ ਵਧੇਰੇ ਢੁਕਵਾਂ ਬਣਾਉਣ ਲਈ ਅਸੀਂ ਸਵੈ-ਰੁਜ਼ਗਾਰ ਪ੍ਰਾਪਤੀ ਅਤੇ ਕਾਰੋਬਾਰ ਦੇ ਨਿਯੋਕਤਾ ਲਈ ਮਨਜ਼ੂਰਸ਼ੁਦਾ ਗਤੀਵਿਧੀਆਂ ਸ਼ਾਮਲ ਕੀਤੀਆਂ ਹਨ।
3. ਜ਼ਰੂਰਤ ਨੂੰ ਪੂਰਾ ਕਰਨ ਲਈ ਤੁਸੀਂ ਕਿਸੇ ਮਨਜ਼ੂਰਸ਼ੁਦਾ ਗਤੀਵਿਧੀ ਨੂੰ ਪੂਰਾ ਕਰ ਸਕਦੇ ਹੋ। ਤੁਹਾਨੂੰ ਸਿਰਫ਼ ਸਵੈ-ਰੁਜ਼ਗਾਰ ਅਤੇ/ਜਾਂ ਵਪਾਰਕ ਨਿਯੋਕਤਾ ਲਈ ਮਨਜ਼ੂਰਸ਼ੁਦਾ ਲੋਕਾਂ ਨਾਲ ਜੁੜੇ ਰਹਿਣ ਦੀ ਜ਼ਰੂਰਤ ਨਹੀਂ ਹੈ।

**ਮੈਂ ਮਹਾਂਮਾਰੀ ਦੇ ਕਾਰਨ ਪਾਰਟ-ਟਾਈਮ ਕੰਮ ਕਰ ਰਿਹਾ ਹਾਂ। ਕੀ ਮੈਨੂੰ ਬੇਰੁਜ਼ਗਾਰੀ ਦੇ ਲਾਭ ਪ੍ਰਾਪਤ ਕਰਨ ਲਈ ਹਾਲੇ ਵੀ ਕੰਮ ਲੱਭਣਾ ਪਵੇਗਾ?**

ਹਾਂ। ਹਾਂ। ਤੁਹਾਨੂੰ ਢੁਕਵਾਂ ਫੁੱਲ ਟਾਈਮ ਕੰਮ ਲੱਭਣਾ ਪਵੇਗਾ, ਭਾਵੇਂ ਤੁਸੀਂ ਪਾਰਟ-ਟਾਈਮ ਨੌਕਰੀ ਕਰਦੇ ਹੋਵੋ।

**ਮੈਂ ਕਿਸੇ ਹੋਰ ਦੀ ਦੇਖਭਾਲ ਕਰ ਰਿਹਾ ਹਾਂ ਅਤੇ ਕੰਮ ਨਹੀਂ ਕਰ ਸਕਦਾ। ਕੀ ਮੈਨੂੰ ਬੇਰੁਜ਼ਗਾਰੀ ਦੇ ਲਾਭ ਪ੍ਰਾਪਤ ਕਰਨ ਲਈ ਹਾਲੇ ਵੀ ਕੰਮ ਲੱਭਣਾ ਪਵੇਗਾ?**

ਹਾਂ। ਬੇਰੁਜ਼ਗਾਰੀ ਦੇ ਲਾਭਾਂ ਲਈ ਯੋਗ ਰਹਿਣ ਵਾਸਤੇ ਤੁਹਾਨੂੰ ਨੌਕਰੀ ਖੋਜ ਦੀ ਜ਼ਰੂਰਤ ਨੂੰ ਪੂਰਾ ਕਰਨਾ ਲਾਜ਼ਮੀ ਹੈ, ਭਾਵੇਂ ਤੁਸੀਂ ਕਿਸੇ ਹੋਰ ਦੀ ਦੇਖਭਾਲ ਕਰ ਰਹੇ ਹੋ। ਇਸ ਵਿੱਚ ਉਹ ਬੱਚੇ ਸ਼ਾਮਲ ਹਨ ਜੋ ਮਹਾਂਮਾਰੀ ਦੇ ਕਾਰਨ ਸਕੂਲ ਜਾਂ ਡੇਅ ਕੇਅਰ ਨਹੀਂ ਜਾ ਸਕਦੇ ਹਨ।

ਕੀ ਤੁਸੀਂ ਪੇਡ ਫੈਮਿਲੀ ਅਤੇ ਮੈਡੀਕਲ ਛੁੱਟੀ ਲਾਭ ਪ੍ਰਾਪਤ ਕਰ ਰਹੇ ਹੋ? ਇਹ ਪ੍ਰੋਗਰਾਮ ਬੇਰੁਜ਼ਗਾਰੀ ਬੀਮਾ ਨਾਲੋਂ ਵੱਖਰਾ ਹੈ ਅਤੇ ਇਸ ਦੀਆਂ ਵੱਖੋ-ਵੱਖਰੀਆਂ ਜ਼ਰੂਰਤਾਂ ਹਨ। ਜੇ ਤੁਸੀਂ ਪੇਡ ਫੈਮਿਲੀ ਅਤੇ ਡਾਕਟਰੀ ਛੁੱਟੀ ਪ੍ਰਾਪਤ ਕਰ ਰਹੇ ਹੋ ਕਿਉਂਕਿ ਤੁਸੀਂ ਅਸਥਾਈ ਤੌਰ 'ਤੇ ਕੰਮ ਤੋਂ ਛੁੱਟੀ ਕਰ ਰਹੇ ਹੋ ਅਤੇ ਕਿਸੇ ਪਰਿਵਾਰ ਦੇ ਮੈਂਬਰ ਦੀ ਦੇਖਭਾਲ ਕਰ ਰਹੇ ਹੋ, ਜੋ ਬਿਮਾਰ ਜਾਂ ਜ਼ਖਮੀ ਹੈ, ਤਾਂ ਤੁਹਾਡੇ ਲਈ ਨੌਕਰੀ ਲੱਭਣ ਸੰਬੰਧੀ ਲੋੜ ਲਾਗੂ ਨਹੀਂ ਹੁੰਦੀ ਹੈ। ਇਸ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲਈ paidleave.wa.gov (ਅੰਗਰੇਜ਼ੀ ਵਿੱਚ) 'ਤੇ ਜਾਓ। ਤੁਸੀਂ ਇੱਕੋ ਸਮੇਂ ਬੇਰੁਜ਼ਗਾਰੀ ਬੀਮਾ ਅਤੇ ਪੇਡ ਫੈਮਿਲੀ ਅਤੇ ਮੈਡੀਕਲ ਛੁੱਟੀ ਦੋਵੇਂ ਪ੍ਰਾਪਤ ਨਹੀਂ ਕਰ ਸਕਦੇ ਹੋ।

**ਮੇਰੇ ਕੋਲ ਨੌਕਰੀ ਦੀ ਆਫਰ ਹੈ ਪਰ ਨੌਕਰੀ ਲੱਭਣ ਸੰਬੰਧੀ ਲੋੜ ਲਾਗੂ ਹੋਣ ਤੋਂ ਬਾਅਦ ਉਦੋਂ ਤੱਕ ਅਰੰਭ ਨਹੀਂ ਹੋ ਰਹੀ ਹੈ। ਕੀ ਮੈਨੂੰ ਮੇਰੀ ਨਵੀਂ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਬੇਰੁਜ਼ਗਾਰੀ ਦੇ ਲਾਭ ਪ੍ਰਾਪਤ ਕਰਨ ਲਈ ਹਾਲੇ ਵੀ ਕੰਮ ਲੱਭਣਾ ਪਵੇਗਾ?**

ਨਹੀਂ, ਪਰ ਤੁਹਾਨੂੰ ਸਟੈਂਡਬਾਏ ਲਈ ਬਿਨੈ ਕਰਨ ਦੀ ਜ਼ਰੂਰਤ ਹੈ। ਸਟੈਂਡਬਾਏ ਤੁਹਾਨੂੰ ਕੰਮ ਖੋਜ ਕੀਤੇ ਬਗੈਰ ਲਾਭ ਪ੍ਰਾਪਤ ਕਰਨਾ ਜਾਰੀ ਰੱਖਣ ਦੀ ਇਜਾਜ਼ਤ ਦਿੰਦਾ ਹੈ, ਜਦੋਂ ਤੱਕ ਤੁਹਾਡੇ ਕੋਲ ਅਜਿਹਾ ਕਰਨ ਦਾ ਪ੍ਰਵਾਨਿਤ ਕਾਰਨ ਹੁੰਦਾ ਹੈ। ਸਾਡੀ ਵੈੱਬਸਾਈਟ (ਅੰਗਰੇਜ਼ੀ ਵਿੱਚ) ਦੇ ਅਸਥਾਈ ਛਟਾਈ, ਸਟੈਂਡਬਾਏ ਅਤੇ ਫਰਲੋਜ਼ ਪੰਨੇ 'ਤੇ ਸਟੈਂਡਬਾਏ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

**ਮੈਂ ਇਸ ਸਾਲ ਦੇ ਸ਼ੁਰੂ ਜਾਂ ਪਹਿਲਾਂ ਮਹਾਂਮਾਰੀ ਦੇ ਲਈ ਸਟੈਂਡਬਾਏ ਲਈ ਅਰਜ਼ੀ ਦਿੱਤੀ ਸੀ ਜਦੋਂ ਨੌਕਰੀ ਲੱਭਣ ਨੂੰ ਛੱਡ ਦਿੱਤਾ ਸੀ? ਕੀ ਲੋੜ ਨੂੰ ਲਾਗੂ ਹੋਣ 'ਤੇ ਮੈਨੂੰ ਨਵਾਂ ਸਟੈਂਡਬਾਏ ਅਰਜ਼ੀ ਜਮ੍ਹਾ ਕਰਨ ਦੀ ਜ਼ਰੂਰਤ ਹੈ?**

ਮਹਾਂਮਾਰੀ ਵਿੱਚ ਪਹਿਲਾਂ ਕੀਤੀਆਂ ਸਟੈਂਡਬਾਏ ਬੇਨਤੀਆਂ ਹੁਣ ਵੈਧ ਨਹੀਂ ਹਨ। ਤੁਹਾਨੂੰ ਜਾਂ ਤੁਹਾਡੇ ਨਿਯੋਕਤਾ ਨੂੰ ਹੁਣ ਦੁਬਾਰਾ ਸਟੈਂਡਬਾਏ ਲਈ ਬੇਨਤੀ ਕਰਨ ਦੀ ਜ਼ਰੂਰਤ ਹੋਵੇਗੀ ਕਿਉਂਕਿ ਨੌਕਰੀ ਲੱਭਣ ਨੂੰ ਛੱਡਣ ਦਾ ਕਾਰਜਕਾਰੀ ਆਦੇਸ਼ 4 ਜੁਲਾਈ, 2021 ਤੋਂ ਹਟਾ ਦਿੱਤਾ ਗਿਆ ਹੈ। ਸਾਡੀ ਵੈੱਬਸਾਈਟ (ਅੰਗਰੇਜ਼ੀ ਵਿੱਚ) ਦੇ ਅਸਥਾਈ ਛਟਾਈ 'ਤੇ ਸਟੈਂਡਬਾਏ, ਸਟੈਂਡਬਾਏ ਅਤੇ ਫਰਲੌਜ਼ ਪੰਨੇ 'ਤੇ ਇਸ ਨੂੰ ਕਿਵੇਂ ਕਰਨਾ ਹੈ, ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

**ਬੇਰੁਜ਼ਗਾਰੀ ਲਾਭਾਂ ਲਈ ਦਾਅਵਾ ਕਰਨ ਦੀਆਂ ਮੁੱਢਲੀਆਂ ਜ਼ਰੂਰਤਾਂ ਕੀ ਹਨ?**

ਬੇਰੁਜ਼ਗਾਰੀ ਲਾਭਾਂ ਦਾ ਦਾਅਵਾ ਕਰਦੇ ਸਮੇਂ, ਤੁਸੀਂ:

- ਕੰਮ ਕਰਨ ਲਈ ਸਮਰੱਥ ਹੋਣੇ ਚਾਹੀਦੇ ਹੋ।
- ਕੰਮ ਲਈ ਉਪਲਬਧ ਹੋਣੇ ਚਾਹੀਦੇ ਹੋ।
- ਸਰਗਰਮੀ ਨਾਲ ਢੁਕਵੇਂ ਕੰਮ ਦੀ ਖੋਜ ਕਰਨਾ, ਜਦ ਤੱਕ ਅਸੀਂ ਤੁਹਾਨੂੰ ਕੁਝ ਨਹੀਂ ਦੱਸਦੇ ਹਨ।
- WorkForce ਰੋਜ਼ਗਾਰ ਕੇਂਦਰ ਜਾਂ ਸਥਾਨਕ ਰੋਜ਼ਗਾਰ ਕੇਂਦਰ (ਜੇ Washington ਤੋਂ ਬਾਹਰ ਰਹਿੰਦੇ ਹਨ) ਨਾਲ ਕੰਮ ਲਈ ਰਜਿਸਟਰਡ ਹੋ।

ਬੇਰੁਜ਼ਗਾਰੀ ਦੇ ਲਾਭ ਪ੍ਰਾਪਤ ਕਰਦੇ ਸਮੇਂ, ਤੁਹਾਨੂੰ ਆਮ ਤੌਰ 'ਤੇ ਢੁਕਵੇਂ ਕੰਮ ਖੋਜ ਕਰਨੀ ਚਾਹੀਦੀ ਹੈ ਅਤੇ ਲਾਭ ਲਈ ਯੋਗ ਰਹਿਣ ਵਾਸਤੇ ਆਪਣੀ ਨੌਕਰੀ ਲੱਭਣ ਦਾ ਰਿਕਾਰਡ ਰੱਖਣਾ ਚਾਹੀਦਾ ਹੈ। ਤੁਹਾਨੂੰ ਕੁੱਲ ਮਿਲਾ ਕੇ ਹਰ ਹਫ਼ਤੇ ਨੌਕਰੀ ਲੱਭਣ ਸੰਬੰਧੀ ਮਨਜ਼ੂਰਸ਼ੁਦਾ ਤਿੰਨ ਗਤੀਵਿਧੀਆਂ ਦੀ ਲੌਗਇਨ ਕਰਨ ਦੀ ਲੋੜ ਹੁੰਦੀ ਹੈ। ਤੁਸੀਂ ਇਸ ਜਾਣਕਾਰੀ ਨੂੰ ਔਨਲਾਈਨ ਲੌਗ ਕਰ ਸਕਦੇ ਹੋ ਜਦੋਂ ਤੁਸੀਂ ਆਪਣਾ ਹਫ਼ਤਾਵਾਰੀ ਦਾਅਵਾ ਦਾਖਲ ਕਰਦੇ ਹੋ ਜਾਂ ਜੇ ਤੁਸੀਂ ਸਾਡਾਸਾਡੇ ਪੇਪਰ ਨੌਕਰੀ ਖੋਜ ਲੌਗ (ਅੰਗਰੇਜ਼ੀ ਵਿੱਚ) ਵਰਤ ਸਕਦੇ ਹੋ, ਜੇ ਤੁਸੀਂ ਫ਼ੋਨ 'ਤੇ ਫ਼ਾਈਲ ਕਰਦੇ ਹੋ। WorkSource ਵਿੱਚ ਅਜਿਹੇ ਪ੍ਰੋਗਰਾਮ ਅਤੇ ਸੇਵਾਵਾਂ ਹਨ ਜੋ ਤੁਹਾਨੂੰ ਤੇਜ਼ੀ ਨਾਲ ਕੰਮ ਵਿੱਚ ਵਾਪਸ ਆਉਣ ਵਿੱਚ ਸਹਾਇਤਾ ਕਰ ਸਕਦੀਆਂ ਹਨ

ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝੋ ਜਦੋਂ ਤੁਹਾਡੀ ਗਲਤੀ ਤੋਂ ਬਚਣ ਲਈ ਆਪਣੀ ਨੌਕਰੀ ਖੋਜ ਕਰਨ ਅਤੇ ਦਸਤਾਵੇਜ਼ ਬਣਾਉਣ ਦੀ ਗੱਲ ਆਉਂਦੀ ਹੈ ਜਿਸਦਾ ਨਤੀਜਾ ਇਹ ਹੋ ਸਕਦਾ ਹੈ ਕਿ ਤੁਹਾਨੂੰ ਪ੍ਰਾਪਤ ਹੋਣ ਵਾਲੇ ਲਾਭਾਂ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

## ਕੀ ਮੈਂ ਉਹੀ ਗਤੀਵਿਧੀ ਇੱਕ ਤੋਂ ਵੱਧ ਵਾਰ ਕਰ ਸਕਦਾ ਹਾਂ ਅਤੇ ਉਨ੍ਹਾਂ ਨੂੰ ਕਈ ਨੌਕਰੀ ਲੱਭਣ ਸੰਬੰਧੀ ਗਤੀਵਿਧੀਆਂ ਲਈ ਗਿਣ ਸਕਦਾ ਹਾਂ?

ਨਹੀਂ। ਤੁਸੀਂ ਇੱਕੋ ਜਿਹੀ ਗਤੀਵਿਧੀ ਇੱਕ ਤੋਂ ਵੱਧ ਵਾਰ ਨਹੀਂ ਕਰ ਸਕਦੇ ਹੋ ਅਤੇ ਇਸ ਦੀ ਗਿਣਤੀ ਨਹੀਂ ਕਰ ਸਕਦੇ। ਉਦਾਹਰਣ ਲਈ:

- ਤੁਸੀਂ ਇੱਕੋ ਵੀਡੀਓ ਨੂੰ ਕਈ ਵਾਰ ਨਹੀਂ ਦੇਖ ਸਕਦੇ, ਜਾਂ ਇੱਕੋ ਹੀ ਕੰਮ ਲਈ ਕਈ ਵਾਰ ਅਰਜ਼ੀ ਨਹੀਂ ਦੇ ਸਕਦੇ ਹੋ, ਅਤੇ ਇਸਦੀ ਗਿਣਤੀ ਨਹੀਂ ਕਰ ਸਕਦੇ ਹੋ।
- ਤੁਸੀਂ ਇੱਕੋ ਹਫ਼ਤੇ ਦੇ ਅੰਦਰ ਨੌਕਰੀ ਲੱਭਣ ਨਾਲ ਸੰਬੰਧਿਤ ਵੱਖੋ-ਵੱਖਰੀਆਂ ਵੀਡੀਓ ਦੇਖ ਸਕਦੇ ਹੋ (ਉਦਾਹਰਣ ਲਈ, ਇੱਕ ਇੰਟਰਵਿਊ ਦੇ ਵਧੀਆ ਤਰੀਕੇ 'ਤੇ ਇੱਕ ਅਤੇ ਰਿਜ਼ਿਊਮ ਲਿਖਣ 'ਤੇ), ਜਾਂ ਇੱਕੋ ਕੰਪਨੀ ਦੇ ਅੰਦਰ ਵੱਖ-ਵੱਖ ਨੌਕਰੀਆਂ ਲਈ ਅਰਜ਼ੀ ਦੇ ਸਕਦੇ ਹੋ, ਅਤੇ ਹਰੇਕ ਅਰਜ਼ੀ ਦੀ ਗਿਣਤੀ ਕੀਤੀ ਜਾਂਦੀ ਹੈ।

## ਕੀ ਤੁਹਾਨੂੰ ਆਪਣੇ ਸਥਾਨਕ WorkSource ਦਫ਼ਤਰ ਜਾਂ ਅਮਰੀਕੀ ਜੌਬ ਸੈਂਟਰ ਨਾਲ ਰਜਿਸਟਰ ਕਰਨ ਦੀ ਲੋੜ ਹੈ?

ਜੇ ਤੁਸੀਂ Washington ਵਿੱਚ ਰਹਿੰਦੇ ਹੋ, ਤਾਂ ਤੁਸੀਂ ਆਪਣੇ-ਆਪ ਹੀ Washington WorkSource ਦਫਤਰ ਰਾਹੀਂ ਕੰਮ ਕਰਨ ਲਈ ਰਜਿਸਟਰਡ ਹੋ ਜਾਂਦੇ ਹੋ, ਜਿਵੇਂ ਹੀ ਤੁਸੀਂ ਇੱਕ ਵਾਰ ਆਪਣੀ ਬੇਰੁਜ਼ਗਾਰੀ ਦਾ ਦਾਅਵਾ ਦਾਇਰ ਕਰਦੇ ਹੋ। ਅਸਾਈਨਮੈਂਟ ਤੁਹਾਡੇ ਜ਼ਿਪ ਕੋਡ 'ਤੇ ਅਧਾਰਤ ਹੈ। ਜੇ ਤੁਸੀਂ Washington ਤੋਂ ਬਾਹਰ ਰਹਿੰਦੇ ਹੋ, ਤਾਂ ਤੁਹਾਨੂੰ ਆਪਣੀ ਪਹਿਲੀ ਬੇਰੁਜ਼ਗਾਰੀ ਲਾਭ ਦੀ ਅਦਾਇਗੀ ਮਿਲਣ ਦੀ ਤਾਰੀਖ਼ ਤੋਂ ਇੱਕ ਹਫ਼ਤੇ ਦੇ ਅੰਦਰ-ਅੰਦਰ ਆਪਣੇ ਸਥਾਨਕ ਅਮਰੀਕੀ ਜੌਬ ਸੈਂਟਰ ਨਾਲ ਰਜਿਸਟਰ ਹੋਣਾ ਲਾਜ਼ਮੀ ਹੈ। ਜੇ ਤੁਸੀਂ ਅਸਲ ਵਿੱਚ Washington ਤੋਂ ਫਾਇਦਿਆਂ ਲਈ ਬੇਨਤੀ ਦਾਇਰ ਕਰਦੇ ਹੋ ਅਤੇ ਉਸ ਦੇ ਬਾਅਦ United States ਜਾਂ Canada ਚਲੇ ਜਾਂਦੇ ਹੋ ਅਤੇ ਯੋਗਤਾ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਜਾਰੀ ਰੱਖਦੇ ਹੋ, ਤਾਂ ਤੁਸੀਂ ਲਾਭ ਲਈ ਯੋਗ ਹੋਵੋਗੇ। ਤੁਹਾਨੂੰ ਲਾਜ਼ਮੀ ਤੌਰ 'ਤੇ ਕੰਮ ਲੱਭਣਾ ਚਾਹੀਦਾ ਹੈ ਅਤੇ ਉਸ ਕੰਮ ਲਈ ਰਜਿਸਟਰ ਹੋਣਾ ਚਾਹੀਦਾ ਹੈ ਜਿੱਥੇ ਤੁਸੀਂ ਰਹਿੰਦੇ ਹੋ। ਆਪਣੇ ਸਭ ਤੋਂ ਨਜ਼ਦੀਕੀ WorkSource ਦਫ਼ਤਰ ਦਾ ਪਤਾ ਕਰਨ ਲਈ WorkSourceWa.com (ਅੰਗਰੇਜ਼ੀ ਵਿੱਚ) 'ਤੇ ਜਾਓ।

## ਜੇ ਮੈਂ ਸਟੇਟ ਤੋਂ ਬਾਹਰ ਹਾਂ ਤਾਂ ਮੈਂ ਕੀ ਕਰਾਂ?

ਜੇ ਤੁਸੀਂ ਕਿਸੇ ਹੋਰ ਸਟੇਟ ਵਿੱਚ ਰਹਿੰਦੇ ਹੋ ਜਾਂ ਕਿਸੇ ਨਵੇਂ ਖੇਤਰ ਵਿੱਚ ਬਸ ਗਏ ਹੋ, ਤਾਂ ਤੁਹਾਨੂੰ ਕਿਸੇ ਨਵੇਂ ਜਾਂ ਦੁਬਾਰਾ ਖੁੱਲੇ ਦਾਅਵੇ 'ਤੇ ਤੁਹਾਡੀ ਪਹਿਲੀ ਅਦਾਇਗੀ ਜਾਰੀ ਹੋਣ ਦੀ ਮਿਤੀ ਤੋਂ ਇੱਕ ਹਫ਼ਤੇ ਦੇ ਅੰਦਰ-ਅੰਦਰ ਇੱਕ ਅਮਰੀਕੀ ਜੌਬ ਸੈਂਟਰ ਵਿੱਚ ਕੰਮ ਲਈ ਰਜਿਸਟਰ ਕਰਵਾਉਣਾ ਪਵੇਗਾ। ਤੁਸੀਂ servicelocator.org (ਅੰਗਰੇਜ਼ੀ ਵਿੱਚ) ਦੀ ਵੈੱਬਸਾਈਟ ਦੀ ਵਰਤੋਂ ਕਰਕੇ ਇੱਕ ਅਮਰੀਕੀ ਜੌਬ ਸੈਂਟਰ ਲੱਭ ਸਕਦੇ ਹੋ। ਬਹੁਤ ਸਾਰੇ ਮਾਮਲਿਆਂ ਵਿੱਚ ਤੁਸੀਂ ਔਨਲਾਈਨ ਰਜਿਸਟਰ ਕਰਨ ਦੇ ਯੋਗ ਹੋ ਸਕਦੇ ਹੋ। ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਪੂਰਾ ਕਰਨ ਦੇ ਤਰੀਕਿਆਂ ਬਾਰੇ ਪਤਾ ਕਰਨ ਲਈ ਆਪਣੇ ਸਥਾਨਕ ਦਫ਼ਤਰ ਨਾਲ ਸੰਪਰਕ ਕਰੋ।

ਜੇ ਤੁਸੀਂ ਕੰਮ ਲਈ ਰਜਿਸਟਰ ਨਹੀਂ ਕਰਦੇ ਹੋ, ਤਾਂ ਤੁਹਾਨੂੰ ਹਰ ਹਫ਼ਤੇ ਮਿਲਣ ਵਾਲੇ ਲਾਭ ਤੋਂ ਇਨਕਾਰ ਕੀਤਾ ਜਾ ਸਕਦਾ ਹੈ, ਜਿਸ ਲਈ ਤੁਸੀਂ ਰਜਿਸਟਰਡ ਨਹੀਂ ਹੋ।

## ਜੇ ਮੈਂ ਦੇਸ਼ ਤੋਂ ਬਾਹਰ ਹਾਂ ਤਾਂ ਕੀ ਹੋਵੇਗਾ?

ਜੇ ਤੁਸੀਂ United States, Puerto Rico, ਜਾਂ U.S. Virgin Islands ਤੋਂ ਬਾਹਰ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਰਿਮੋਟ ਜਾਂ ਵਿਅਕਤੀਗਤ ਕੰਮ ਦੀ ਖੋਜ ਕਰਨੀ ਚਾਹੀਦੀ ਹੈ ਜੋ ਤੁਸੀਂ ਉਸ ਦੇਸ਼ ਵਿੱਚ ਕਰਨ ਲਈ ਕਾਨੂੰਨੀ ਤੌਰ' 'ਤੇ ਅਧਿਕਾਰਤ ਹੋ ਜਿੱਥੇ ਤੁਸੀਂ ਰਹਿ ਰਹੇ ਹੋ।

ਜੇ ਤੁਸੀਂ ਕੰਮ ਨੂੰ ਦੁਬਾਰਾ ਸ਼ੁਰੂ ਕਰਨ ਲਈ ਤੁਰੰਤ United States, Puerto Rico, ਜਾਂ U.S. Virgin Islands ਵਾਪਸ ਆ ਸਕਦੇ ਹੋ ਕਿਉਂਕਿ ਤੁਹਾਨੂੰ ਰੁਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਸੀ, ਤਾਂ ਤੁਸੀਂ ਇਨ੍ਹਾਂ ਥਾਵਾਂ 'ਤੇ ਨੌਕਰੀ ਦੀ ਖੋਜ ਵੀ ਕਰ ਸਕਦੇ ਹੋ।

## ਕੀ ਨੌਕਰੀ ਲੱਭਣ ਸੰਬੰਧੀ ਲੋੜ ਦੇ ਅਪਵਾਦ ਹਨ?

ਹਾਂ, ਪਰ ਸਿਰਫ਼ ਸੀਮਤ ਹਾਲਤਾਂ ਵਿੱਚ। ਲਗਭਗ ਹਰ ਕੋਈ – PUA ਪ੍ਰਾਪਤਕਰਤਾਵਾਂ ਸਮੇਤ – ਨੂੰ ਲਾਜ਼ਮੀ ਢੁਕਵੇਂ ਕੰਮ ਦੀ ਖੋਜ ਕਰਨੀ ਚਾਹੀਦੀ ਹੈ। ਅਪਵਾਦ ਇਹ ਹਨ:

- ਅਸੀਂ ਤੁਹਾਨੂੰ ਕਿਸੇ ਟ੍ਰੇਨਿੰਗ ਪ੍ਰੋਗਰਾਮ ਲਈ ਮਨਜ਼ੂਰੀ ਦਿੰਦੇ ਹਾਂ, ਜਿਵੇਂ ਕਿ ਕਮਿਸ਼ਨਰ ਦੁਆਰਾ ਪ੍ਰਵਾਨਿਤ ਟ੍ਰੇਨਿੰਗ ਜਾਂ ਟ੍ਰੇਨਿੰਗ ਲਾਭ।
- ਅਸੀਂ ਤੁਹਾਨੂੰ SharedWork ਲਈ ਮਨਜ਼ੂਰੀ ਦਿੰਦੇ ਹਾਂ।
- ਅਸੀਂ ਤੁਹਾਨੂੰ ਸਟੈਂਡਬਾਏ ਲਈ ਮਨਜ਼ੂਰੀ ਦਿੰਦੇ ਹਾਂ।
- ਅਸੀਂ ਤੁਹਾਨੂੰ SEAP (Self-Employment Assistance Program, ਸਵੈ-ਰੁਜ਼ਗਾਰ ਸਹਾਇਤਾ ਪ੍ਰੋਗਰਾਮ) ਲਈ ਮਨਜ਼ੂਰੀ ਦਿੰਦੇ ਹਾਂ।
- ਤੁਹਾਨੂੰ ਇੱਕ ਸੰਪੂਰਨ ਰੈਫ਼ਰਲ ਯੂਨੀਅਨ ਦੁਆਰਾ ਭੇਜਿਆ ਜਾਂਦਾ ਹੈ।
- ਤੁਸੀਂ ਅੰਸ਼ਕ ਤੌਰ 'ਤੇ ਬੇਰੁਜ਼ਗਾਰ ਹੋ (ਅਤੇ ਡਿਪਾਰਟਮੈਂਟ ਦੁਆਰਾ ਪ੍ਰਵਾਨਿਤ)।
- ਤੁਸੀਂ ਇੱਕ ਪ੍ਰਵਾਨਿਤ ਇਲੈੱਕਟ੍ਰਿਕ ਐਪ੍ਰੈਂਟਿਸਸ਼ਿਪ ਪ੍ਰੋਗਰਾਮ ਵਿੱਚ ਇੱਕ ਸਰਗਰਮ ਰਜਿਸਟਰਡ ਇਲੈਕਟ੍ਰਿਕ ਅਪ੍ਰੈਂਟਿਸ ਹੋ।
- ਤੁਹਾਨੂੰ ਲਾਜ਼ਮੀ ਅਪ੍ਰੈਂਟਿਸ ਟ੍ਰੇਨਿੰਗ ਦੇ ਕਲਾਸਰੂਮ ਦੇ ਹਿੱਸੇ ਵਿੱਚ ਆਉਣ ਲਈ ਮਨਜ਼ੂਰੀ ਦਿੱਤੀ ਗਈ ਹੈ।
- ਤੁਸੀਂ ਹੜਤਾਲ ਜਾਂ ਤਾਲਾਬੰਦੀ ਦਾ ਹਿੱਸਾ ਹੋ।

ਤੁਹਾਨੂੰ ਸਿਰਫ਼ ਇੱਕ ਨੌਕਰੀ ਦੀ ਸਰਗਰਮੀ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ ਜੇ ਤੁਸੀਂ ਹੋ:

- **PUA ਪ੍ਰਾਪਤਕਰਤਾ ਹੋ।** ਹਾਲਾਂਕਿ, ਅਸੀਂ ਤੁਹਾਨੂੰ ਨੌਕਰੀ ਲੱਭਣ ਸੰਬੰਧੀ ਤਿੰਨ ਮਨਜ਼ੂਰਸ਼ੁਦਾ ਗਤੀਵਿਧੀਆਂ ਨੂੰ ਪੂਰਾ ਕਰਨ ਦੀ ਜ਼ੋਰਦਾਰ ਸਿਫ਼ਾਰਸ਼ ਕਰਦੇ ਹਾਂ ਜੇ ਤੁਸੀਂ PUA ਪ੍ਰਾਪਤ ਕਰ ਰਹੇ ਹੋ। ਜ਼ਿਆਦਾ ਜਾਣਕਾਰੀ ਲਈ ਇਸ ਪੰਨੇ 'ਤੇ PUA ਦੇ ਬਾਰੇ ਪ੍ਰਸ਼ਨ ਦੇਖੋ।
- **ਘਰੇਲੂ ਹਿੰਸਾ ਜਾਂ ਪਿੱਛਾ ਕਰਨ ਕਾਰਨ ਕੰਮ ਛੱਡਿਆ।** ਜੇ ਡਿਪਾਰਟਮੈਂਟ ਨੇ ਇਹ ਨਿਸ਼ਚਤ ਕੀਤਾ ਹੈ ਕਿ ਘਰੇਲੂ ਹਿੰਸਾ ਜਾਂ ਪਿੱਛਾ ਕਰਨ ਦਾ ਸ਼ਿਕਾਰ ਹੋਣ ਕਰਕੇ ਚੰਗੇ ਉਦੇਸ਼ ਲਈ ਕੰਮ ਛੱਡ ਦਿੱਤਾ ਹੈ, ਤਾਂ ਤੁਹਾਨੂੰ ਲਾਭ ਲਈ ਯੋਗ ਰਹਿਣ ਵਾਸਤੇ ਸਿਰਫ਼ ਹਰ ਹਫ਼ਤੇ ਇੱਕ ਮਨਜ਼ੂਰ ਕੀਤੀ ਗਤੀਵਿਧੀ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ।

ਹੋਰ ਸਾਰੇ ਦਾਅਵੇਦਾਰਾਂ ਨੂੰ ਘੱਟੋ-ਘੱਟ ਨੌਕਰੀ ਲੱਭਣ ਸੰਬੰਧੀ ਤਿੰਨ ਗਤੀਵਿਧੀਆਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਜੇ ਤੁਸੀਂ ਆਪਣਾ ਬੇਰੁਜ਼ਗਾਰੀ ਦਾਅਵਾ ਦਾਇਰ ਕਰਦੇ ਹੋ ਤਾਂ ਅਸੀਂ ਤੁਹਾਨੂੰ ਤੁਹਾਡੀ ਨੌਕਰੀ ਖੋਜ ਦੀਆਂ ਜ਼ਰੂਰਤਾਂ ਬਾਰੇ ਸੂਚਿਤ ਕਰਾਂਗੇ।

*ਨੋਟ: ਜੇ ਤੁਸੀਂ ਪੂਰੇ ਰੈਫ਼ਰਲ ਯੂਨੀਅਨ ਮੈਂਬਰ ਹੋ, ਤਾਂ ਤੁਹਾਨੂੰ ਆਪਣੀ ਯੂਨੀਅਨ ਦੀਆਂ ਡਿਸਪੈਚ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਿਆਂ ਕੰਮ ਦੀ ਖੋਜ ਕਰਨੀ ਚਾਹੀਦੀ ਹੈ। ਇੱਕ ਪੂਰੀ-ਰੈਫਰਲ ਯੂਨੀਅਨ ਦਾ ਅਰਥ ਇੱਕ ਯੂਨੀਅਨ ਹੈ ਜੋ ਇਸਦੇ ਮੈਂਬਰਾਂ ਨੂੰ ਰੈਫਰਲ ਜਾਂ ਡਿਸਪੈਚ ਦੁਆਰਾ ਨੌਕਰੀਆਂ ਲਈ ਭੇਜਦੀ ਹੈ।*

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੀ ਨੌਕਰੀ ਖੋਜ ਦੀਆਂ ਗਤੀਵਿਧੀਆਂ ਛੱਡ ਦਿੱਤੀਆਂ ਗਈਆਂ ਹਨ?

**ਅਸੀਂ ਤੁਹਾਡੇ ਦੁਆਰਾ ਚੁਣੀ ਗਈ ਤਰਜੀਹ ਪੱਤਰ ਵਿਧੀ ਦੁਆਰਾ ਲਿਖਤ ਵਿੱਚ ਤੁਹਾਨੂੰ ਸੂਚਿਤ ਕਰਾਂਗੇ।** ਤੁਹਾਨੂੰ ਕੰਮ ਲੱਭਣਾ ਪਵੇਗਾ ਜਦ ਤੱਕ ਤੁਹਾਡੇ ਡਿਪਾਰਟਮੈਂਟ ਦੁਆਰਾ ਸੂਚਿਤ ਨਹੀਂ ਕੀਤਾ ਜਾਂਦਾ ਹੈ ਕਿ ਤੁਹਾਨੂੰ ਇਸ ਦੀ ਜ਼ਰੂਰਤ ਨਹੀਂ ਹੈ। ਜੇ ਤੁਹਾਨੂੰ ਕੰਮ ਖੋਜ ਕਰਨ ਦੀ ਜ਼ਰੂਰਤ ਹੈ, ਤਾਂ ਤੁਹਾਨੂੰ ਹਰ ਹਫ਼ਤੇ Washington ਦੀ ਨੌਕਰੀ ਖੋਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਪਵੇਗ,ਾ ਜਿਸਦਾ ਤੁਸੀਂ ਲਾਭ ਪ੍ਰਾਪਤ ਕਰਨ ਦਾ ਦਾਅਵਾ ਕਰਦੇ ਹੋ (ਜਦੋਂ ਤੱਕ ਅਸੀਂ ਤੁਹਾਨੂੰ ਨਹੀਂ ਦੱਸਦੇ ਹਾਂ)।

## ਨਿਯੋਕਤਾ ਦਾ ਸੰਪਰਕ ਕੀ ਹੈ?

ਕਿਸੇ ਅਹੁਦੇ ਬਾਰੇ ਪੁੱਛਗਿੱਛ ਕਰਦੇ ਹੋਏ, ਤੁਹਾਨੂੰ ਸੰਪਰਕ ਲਈ ਨੌਕਰੀ ਲੱਭਣ ਸੰਬੰਧੀ ਗਤੀਵਿਧੀ ਵਜੋਂ ਗਿਣਨ ਵਾਸਤੇ ਅਹੁਦੇ ਲਈ ਅਰਜ਼ੀ ਦੇਣ ਵਾਸਤੇ ਜ਼ਰੂਰੀ ਸਾਰੇ ਕਦਮ ਚੁੱਕਣੇ ਲਾਜ਼ਮੀ ਹਨ। ਜਦੋਂ ਤੁਸੀਂ ਕਿਸੇ ਨੌਕਰੀ ਬਾਰੇ ਪੁੱਛਦੇ ਹੋ ਜਾਂ ਅਰਜ਼ੀ ਦਿੰਦੇ ਹੋ ਤਾਂ ਤੁਸੀਂ ਨਿਯੋਕਤਾ ਨਾਲ ਸੰਪਰਕ ਕਰਦੇ ਹੋ। ਜੇ ਤੁਸੀਂ ਨੌਕਰੀ ਲਈ ਅਰਜ਼ੀ ਦਿੱਤੀ ਹੈ, ਜਾਂ ਪੁੱਛਗਿੱਛ ਕੀਤੀ ਹੈ, ਅਤੇ ਪਤਾ ਲਗਾਇਆ ਹੈ ਕਿ ਨਿਯੋਕਤਾ ਰੁਜ਼ਗਾਰ ਪ੍ਰਦਾਨ ਨਹੀਂ ਕਰ ਰਿਹਾ ਹੈ ਜਾਂ ਅਰਜ਼ੀਆਂ ਸਵੀਕਾਰ ਨਹੀਂ ਕਰ ਰਿਹਾ ਹੈ, ਤਾਂ ਵੀ ਤੁਸੀਂ ਆਪਣੀ ਜਾਂਚ ਨੂੰ ਨਿਯੋਕਤਾ ਦੇ ਸੰਪਰਕ ਵਜੋਂ ਗਿਣ ਸਕਦੇ ਹੋ ਜੇ ਤੁਹਾਨੂੰ ਪਤਾ ਨਹੀਂ ਹੁੰਦਾ ਕਿ ਨਿਯੋਕਤਾ ਰੁਜ਼ਗਾਰ ਪ੍ਰਦਾਨ ਨਹੀਂ ਕਰ ਰਿਹਾ ਸੀ ਜਾਂ ਅਰਜ਼ੀਆਂ ਸਵੀਕਾਰ ਨਹੀਂ ਕਰ ਰਿਹਾ ਸੀ। ਤੁਹਾਨੂੰ ਉਸ ਤੱਥ ਨੂੰ ਆਪਣੀ ਨੌਕਰੀ ਖੋਜ ਦੇ ਲੌਗ ਵਿੱਚ ਨੋਟ ਕਰਨਾ ਚਾਹੀਦਾ ਹੈ। ਤੁਸੀਂ ਕਿਸੇ ਨਿਯੋਕਤਾ ਨੂੰ ਇਸ ਰਾਹੀਂ ਸੰਪਰਕ ਕਰ ਸਕਦੇ ਹੋ:

- ਈ-ਮੇਲ
- ਫੈਕਸ
- ਇੰਟਰਨੈੱਟ
- ਮੇਲ
- ਫ਼ੋਨ
- ਵਿਅਕਤੀਗਤ ਤੌਰ 'ਤੇ ਮਿਲਣਾ
- ਕਾਨਫਰੰਸਿੰਗ ਸੇਵਾਵਾਂ ਜਿਵੇਂ ਕਿ Skype, Zoom ਆਦਿ ਦੀ ਵਰਤੋਂ ਕਰਦਿਆਂ ਵਰਚੁਅਲ ਮੀਟਿੰਗ।
- ਨਿਯੋਕਤਾ ਦੀ ਸਵੈ-ਸੇਵਾ ਕਿਓਸਕ

**ਮੈਂ ਆਪਣੀ ਨੌਕਰੀ ਖੋਜ ਦਸਤਾਵੇਜ਼ ਕਿੱਥੇ ਦੇ ਸਕਦਾ ਹਾਂ?**

ਜੇ ਤੁਸੀਂ ਆਪਣਾ ਹਫ਼ਤਾਵਾਰੀ ਦਾਅਵਾ ਜਮ੍ਹਾ ਕਰਨ ਲਈ ਈ ਸਰਵਿਸਿਜ਼ ਦੀ ਵਰਤੋਂ ਕਰਦੇ ਹੋ, ਤਾਂ ਤੁਹਾਨੂੰ ਲਾਭਾਂ ਦੇ ਯੋਗ ਬਣਨ ਲਈ ਨੌਕਰੀ ਖੋਜ ਦੀਆਂ ਗਤੀਵਿਧੀਆਂ ਈ-ਸਰਵਿਸਿਜ਼ ਵਿੱਚ ਦਾਖਲ ਕਰਨ ਦੀ ਜ਼ਰੂਰਤ ਹੋਵੇਗੀ। ਸਿਰਫ਼ ਈ-ਸਰਵਿਸਿਜ਼ ਵਿੱਚ ਇਹ ਪ੍ਰੋਂਪਟਾਂ ਦੀ ਪਾਲਣਾ ਕਰੋ। ਅਸੀਂ ਤੁਹਾਨੂੰ ਆਪਣੀ ਨੌਕਰੀ ਖੋਜ ਦੀਆਂ ਗਤੀਵਿਧੀਆਂ ਦਾ ਸਬੂਤ ਦਿਖਾਉਣ ਲਈ ਕਹਿ ਸਕਦੇ ਹਾਂ, ਭਾਵੇਂ ਤੁਸੀਂ ਨੌਕਰੀ ਖੋਜ ਈ-ਸਰਵਿਸਿਜ਼ ਰਾਹੀਂ ਆਪਣੇ ਹਫ਼ਤਾਵਾਰੀ ਦਾਅਵੇ ਔਨਲਾਈਨ ਜਮ੍ਹਾ ਕਰਦੇ ਹੋ, ਤਾਂ ਤੁਸੀਂ ਆਪਣੀ ਖੋਜ ਦੇ ਦਸਤਾਵੇਜ਼ ਰੱਖਣੇ ਚਾਹੀਦੇ ਹਨ। ਤੁਹਾਨੂੰ ਆਪਣੀਆਂ ਗਤੀਵਿਧੀਆਂ ਦਾ ਸਬੂਤ ਪ੍ਰਦਾਨ ਕਰਨ ਦੀ ਜ਼ਰੂਰਤ ਨਹੀਂ ਹੁੰਦੀ, ਜਦੋਂ ਤੱਕ ਅਸੀਂ ਇਸ ਲਈ ਨਹੀਂ ਪੁੱਛਦੇ ਹਾਂ।

ਜੇ ਤੁਸੀਂ ਫ਼ੋਨ ਦੁਆਰਾ ਹਫ਼ਤਾਵਾਰੀ ਦਾਅਵੇ ਜਮ੍ਹਾ ਕਰਦੇ ਹੋ, ਤਾਂ ਤੁਹਾਨੂੰ ਆਪਣੀ ਨੌਕਰੀ ਖੋਜ ਦੀਆਂ ਗਤੀਵਿਧੀਆਂ ਦਾ ਇੱਕ ਲਿਖਤ ਲੌਗ ਰੱਖਣ ਦੀ ਜ਼ਰੂਰਤ ਹੋਵੇਗੀ। ਅਸੀਂ ਤਰਜੀਹ ਦਿੰਦੇ ਹਾਂ ਕਿ ਤੁਸੀਂ ਜੌਬ ਖੋਜ ਲੌਗ ਟੈਂਪਲੇਟ (ਅੰਗਰੇਜ਼ੀ ਵਿੱਚ) ਇਸਤੇਮਾਲ ਕਰੋ ਜੋ ਅਸੀਂ ਤੁਹਾਨੂੰ ਪ੍ਰਦਾਨ ਕਰਦੇ ਹਾਂ, ਪਰ ਕਿਸੇ ਵੀ ਦਸਤਾਵੇਜ਼ 'ਤੇ ਆਪਣੀ ਨੌਕਰੀ ਖੋਜ ਦੀਆਂ ਗਤੀਵਿਧੀਆਂ ਦਾ ਰਿਕਾਰਡ ਰੱਖਣ ਲਈ ਤੁਹਾਡਾ ਸੁਆਗਤ ਹੈ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਇਹ ਦਰਸਾਉਣ ਲਈ ਲੋੜੀਂਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਤੁਸੀਂ ਢੁਕਵੇਂ ਕੰਮ ਦੀ ਸਰਗਰਮੀ ਨਾਲ ਖੋਜ ਕਰ ਰਹੇ ਹੋ। ਤੁਹਾਨੂੰ ਸਾਨੂੰ ਇਹ ਲੌਗ ਦਿਖਾਉਣ ਦੀ ਜ਼ਰੂਰਤ ਹੋਵੇਗੀ ਜੇ ਅਸੀਂ ਇਸ ਲਈ ਪੁੱਛਦੇ ਹਾਂ। ਕਿਰਪਾ ਕਰਕੇ ਯਾਦ ਰੱਖੋ ਕਿ ਹਰ ਹਫ਼ਤੇ ਤੁਹਾਡਾ ਦਾਅਵਾ ਕਰਨਾ ਬੰਦ ਕਰਨ ਦੇ ਬਾਅਦ ਵੀ ਅਸੀਂ ਖੋਜ ਸਰਗਰਮੀਆਂ ਦੇ ਸਬੂਤ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।

ਅਧੂਰੀ ਜਾਣਕਾਰੀ ਨੂੰ ਰਿਕਾਰਡ ਕਰਨ ਤੋਂ ਬਚਾਉਣ ਲਈ ਸਾਡੇ ਦੁਆਰਾ ਪ੍ਰਦਾਨ ਕੀਤੇ ਨੌਕਰੀ ਖੋਜ ਲੌਗ (ਅੰਗਰੇਜ਼ੀ ਵਿੱਚ) ਦੀ ਵਰਤੋਂ ਕਰੋ। ਕਾਲੀ ਸਿਆਹੀ ਦੀ ਵਰਤੋਂ ਕਰੋ ਅਤੇ ਸਾਫ਼ ਪ੍ਰਿੰਟ ਕਰੋ।

## ਕੀ ਮੈਨੂੰ ਆਪਣੀ ਨੌਕਰੀ ਖੋਜ ਦਾਖਲ ਕਰਨ ਦੀ ਜ਼ਰੂਰਤ ਹੈ?

**ਨਹੀਂ, ਪਰ ਅਸੀਂ ਇਸਨੂੰ ਕਿਸੇ ਵੀ ਸਮੇਂ ਦੇਖਣ ਦੀ ਬੇਨਤੀ ਕਰ ਸਕਦੇ ਹਾਂ।** ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਲਾਭ ਸਾਲ ਦੇ ਖ਼ਤਮ ਹੋਣ ਤੋਂ ਘੱਟੋ-ਘੱਟ 30 ਦਿਨਾਂ ਬਾਅਦ ਜਾਂ ਲਾਭ ਪ੍ਰਾਪਤ ਕਰਨਾ ਬੰਦ ਕਰਨ ਦੇ 30 ਦਿਨਾਂ ਬਾਅਦ, ਜੋ ਵੀ ਬਾਅਦ ਵਿੱਚ ਹੋਵੇ, ਰੱਖਣਾ ਚਾਹੀਦਾ ਹੈ। ਤੁਹਾਨੂੰ ਇਸ ਨੂੰ ਭੇਜਣ ਦੀ ਜ਼ਰੂਰਤ ਨਹੀਂ ਹੈ ਜਦੋਂ ਤੱਕ ਅਸੀਂ ਇਸ ਦੀ ਬੇਨਤੀ ਨਹੀਂ ਕਰਦੇ।

ਅਸੀਂ ਇਹ ਨਿਸ਼ਚਤ ਕਰਨ ਲਈ ਨੌਕਰੀ ਖੋਜ ਦੀਆਂ ਗਤੀਵਿਧੀਆਂ ਦੀ ਬੇਤਰਤੀਬੀਆਂ ਸਮੀਖਿਆਵਾਂ ਕਰਦੇ ਹਾਂ ਕਿ ਤੁਸੀਂ ਢੁਕਵੇਂ ਕੰਮ ਦੀ ਖੋਜ ਕਰ ਰਹੇ ਹੋ। ਜੇ ਤੁਸੀਂ ਕਿਸੇ ਸਮੀਖਿਆ ਲਈ ਚੁਣੇ ਗਏ ਹੋ ਜਾਂ ਸਾਡੀ ਤੁਹਾਡੀ ਨੌਕਰੀ ਖੋਜ ਬਾਰੇ ਕੋਈ ਪ੍ਰਸ਼ਨ ਹੈ, ਅਸੀਂ ਤੁਹਾਡੇ ਨੌਕਰੀ ਖੋਜ ਕਰਨ ਵਾਲੇ ਲੌਗਾਂ ਦੀ ਇੱਕ ਕਾਪੀ ਲਈ ਬੇਨਤੀ ਕਰਾਂਗੇ ਅਤੇ ਤੁਹਾਨੂੰ ਉਨ੍ਹਾਂ ਨੂੰ ਹਦਾਇਤਾਂ ਅਨੁਸਾਰ ਪ੍ਰਦਾਨ ਕਰਨਾ ਲਾਜ਼ਮੀ ਹੈ।

ਅਸੀਂ ਤੁਹਾਨੂੰ ਤੁਹਾਡੀ ਨੌਕਰੀ ਖੋਜ ਦੀਆਂ ਗਤੀਵਿਧੀਆਂ ਦੀ ਸਮੀਖਿਆ ਕਰਨ ਲਈ ਇੱਕ ਪੱਤਰ ਭੇਜ ਸਕਦੇ ਹਾਂ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਤੁਸੀਂ ਢੁਕਵੇਂ ਕੰਮ ਖੋਜ ਕਰ ਰਹੇ ਹੋ, ਲਾਭਾਂ ਲਈ ਤੁਹਾਡੀ ਯੋਗਤਾ ਦੀ ਸਮੀਖਿਆ ਕਰਦੇ ਹਾਂ ਅਤੇ, ਜਦੋਂ ਢੁਕਵਾਂ ਹੋਵੇ ਤਾਂ ਤੁਹਾਡੇ ਨੌਕਰੀ ਲੱਭਣ ਦੇ ਕਾਰਜ ਵਿੱਚ ਕਿਵੇਂ ਸੁਧਾਰ ਲਿਆਉਣਾ ਹੈ ਬਾਰੇ ਫੀਡਬੈਕ ਪ੍ਰਦਾਨ ਕਰਦੇ ਹਾਂ। ਚਿੱਠੀ ਨੂੰ ਇਹ ਦੇਖਣ ਲਈ ਧਿਆਨ ਨਾਲ ਪੜ੍ਹੋ ਕਿ ਤੁਹਾਡਾ ਇੰਟਰਵਿਊ ਫ਼ੋਨ ਦੁਆਰਾ ਹੈ ਜਾਂ ਵਿਅਕਤੀਗਤ ਤੌਰ 'ਤੇ। ਆਪਣਾ ਕੰਮ ਲੱਭਣ ਲਈ ਲੌਗ ਤਿਆਰ ਕਰੋ। ਜੇ ਤੁਹਾਡਾ ਲੌਗ ਗੁੰਮ ਜਾਂ ਅਧੂਰਾ ਹੈ, ਜਾਂ ਤੁਸੀਂ ਕੰਮ ਲੱਭਣ ਦੀ ਸੱਚੀ ਕੋਸ਼ਿਸ਼ ਨਹੀਂ ਕਰ ਰਹੇ ਹੋ, ਤਾਂ ਅਸੀਂ ਲਾਭਾਂ ਤੋਂ ਇਨਕਾਰ ਕਰ ਸਕਦੇ ਹਾਂ। ਫਿਰ ਤੁਹਾਨੂੰ ਸਾਰੇ ਹਫ਼ਤਿਆਂ ਲਈ ਲਾਭ ਵਾਪਸ ਕਰਨੇ ਪੈਣਗੇ ਜੋ ਤੁਸੀਂ ਨੌਕਰੀ ਖੋਜ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ ਹੋ।

ਭਾਵੇਂ ਤੁਸੀਂ ਦਿਖਾ ਸਕਦੇ ਹੋ ਕਿ ਤੁਸੀਂ ਨੌਕਰੀ ਖੋਜ ਦੀਆਂ ਜ਼ਰੂਰਤਾਂ ਦੀ ਪਾਲਣਾ ਕੀਤੀ ਹੈ, ਅਸੀਂ ਸੁਝਾਅ ਦੇ ਸਕਦੇ ਹਾਂ ਕਿ ਕਿਵੇਂ ਤੁਹਾਡੀ ਨੌਕਰੀ ਖੋਜ ਦੀਆਂ ਕੋਸ਼ਿਸ਼ਾਂ ਨੂੰ ਬਦਲਣਾ ਹੈ ਜਾਂ ਤੁਹਾਡੇ ਦਸਤਾਵੇਜ਼ਾਂ ਨੂੰ ਕਿਵੇਂ ਸੁਧਾਰਨਾ ਹੈ। ਅਸੀਂ ਜ਼ਰੂਰਤ ਨੂੰ ਪੂਰਾ ਕਰਨ ਦੀ ਪੁਸ਼ਟੀ ਕਰਨ ਲਈ ਵਾਧੂ ਮੁਲਾਕਾਤ ਲਈ ਤੁਹਾਨੂੰ ਨਿਰਧਾਰਤ ਕਰ ਸਕਦੇ ਹਾਂ।

ਜੇ ਤੁਸੀਂ ਢੁਕਵਾਂ ਕੰਮ ਲੱਭਣ ਲਈ ਸੱਚੀ ਕੋਸ਼ਿਸ਼ ਕਰਨਾ ਨਹੀਂ ਦਰਸਾ ਪਾ ਰਹੇ ਹੋ, ਤਾਂ ਅਸੀਂ ਲਾਭਾਂ ਤੋਂ ਇਨਕਾਰ ਕਰ ਸਕਦੇ ਹਾਂ। ਜੇ ਅਸੀਂ ਤੁਹਾਡੇ ਲਾਭਾਂ ਤੋਂ ਇਨਕਾਰ ਕਰਦੇ ਹਾਂ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਹਫ਼ਤਿਆਂ ਲਈ ਪ੍ਰਾਪਤ ਕੀਤੇ ਲਾਭ ਵਾਪਸ ਕਰਨੇ ਪੈਣਗੇ ਜੋ ਤੁਸੀਂ ਨੌਕਰੀ ਲੱਭਣ ਸੰਬੰਧੀ ਲੋੜਾਂ ਨੂੰ ਪੂਰਾ ਨਹੀਂ ਕਰਦੇ ਹੋ। ਇਸਦੇ ਇਲਾਵਾ, ਅਸੀਂ ਤੁਹਾਡੇ ਦੁਆਰਾ ਦਾਅਵਾ ਕੀਤੇ ਸਾਰੇ ਹਫ਼ਤਿਆਂ ਲਈ ਤੁਹਾਡੀਆਂ ਨੌਕਰੀਆਂ ਖੋਜ ਦੀਆਂ ਗਤੀਵਿਧੀਆਂ ਦੀ ਸਮੀਖਿਆ ਨਿਰਧਾਰਤ ਕਰਾਂਗੇ।

ਤੁਹਾਨੂੰ ਆਪਣੀ ਲੇਬਰ ਮਾਰਕਿਟ ਵਿੱਚ ਤੁਹਾਡੇ ਪੇਸ਼ੇ ਲਈ ਤੁਹਾਡੇ ਹੁਨਰਾਂ, ਕਾਬਲੀਅਤਾਂ ਅਤੇ ਹੋਰ ਕਾਰਕਾਂ ਦੇ ਅਧਾਰ 'ਤੇ ਢੁਕਵੇਂ ਕੰਮ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨਾ ਲਾਜ਼ਮੀ ਹੈ। ਜੇ ਤੁਹਾਡੇ ਪੇਸ਼ੇ ਜਾਂ ਭੂਗੋਲਿਕ ਖੇਤਰ ਵਿੱਚ ਸੀਮਤ ਨੌਕਰੀਆਂ ਹਨ, ਤਾਂ ਤੁਹਾਨੂੰ ਆਪਣੇ ਨੌਕਰੀ ਲੱਭਣ ਦੇ ਕਾਰਜ ਵਿੱਚ ਵਾਧਾ ਕਰਨਾ ਪੈ ਸਕਦਾ ਹੈ। ਉਦਾਹਰਣ ਲਈ, ਤੁਹਾਨੂੰ ਨੌਕਰੀ ਲੱਭਣ ਲਈ ਵਰਚੁਅਲ, ਜਾਂ ਕਿਸੇ ਵੱਖਰੇ ਖੇਤਰ ਜਾਂ ਸਥਾਨ 'ਤੇ ਵਿਚਾਰ ਕਰਨਾ ਪੈ ਸਕਦਾ ਹੈ।

ਤੁਸੀਂ ਆਪਣੀ ਖੋਜ ਨੂੰ ਉਨ੍ਹਾਂ ਨੌਕਰੀਆਂ ਤੱਕ ਸੀਮਤ ਨਹੀਂ ਕਰ ਸਕਦੇ ਹੋ ਜੋ ਭਵਿੱਖ ਵਿੱਚ ਸ਼ੁਰੂ ਹੁੰਦੀਆਂ ਹਨ। ਉਦਾਹਰਨ ਲਈ, ਜੇ ਤੁਸੀਂ ਗਰਮੀਆਂ ਦੀ ਛੁੱਟੀਆਂ 'ਤੇ ਸਕੂਲ ਬੱਸ ਦੇ ਡਰਾਈਵਰ ਹੋ, ਤਾਂ ਤੁਸੀਂ ਆਪਣੀ ਖੋਜ ਉਨ੍ਹਾਂ ਨੌਕਰੀਆਂ ਤੱਕ ਸੀਮਿਤ ਨਹੀਂ ਕਰ ਸਕਦੇ ਜੋ ਪਤਝੜ ਵਿੱਚ ਸ਼ੁਰੂ ਹੁੰਦੇ ਹਨ ਜਾਂ ਉਹ ਕੰਮ ਜੋ ਸਕੂਲ ਦੇ ਸ਼ੁਰੂ ਹੋਣ 'ਤੇ ਖਤਮ ਹੋ ਜਾਂਦੇ ਹਨ। ਸਾਡੀ ਵੈੱਬਸਾਈਟ 'ਤੇ ਕੰਮ ਤੋਂ ਇਨਕਾਰ (ਅੰਗਰੇਜ਼ੀ ਵਿੱਚ) ਤੋਂ ਇਨਕਾਰ ਕਰੋ।

**WorkSource ਮੇਰੀ ਨੌਕਰੀ ਖੋਜ ਵਿੱਚ ਕਿਵੇਂ ਮਦਦ ਕਰ ਸਕਦਾ ਹੈ?**

Washington ਵਿੱਚ WorkSource ਦਫ਼ਤਰ, ਅਤੇ ਦੂਜੇ ਸਟੇਟਾਂ ਵਿੱਚ ਸਹਿਯੋਗੀ, ਅਮੈਰੀਕਨ ਜੌਬ ਸੈਂਟਰ ਨੈੱਟਵਰਕ ਵਿੱਚ ਪਾਰਟਨਰ ਹਨ। ਉਹ ਨੌਕਰੀ ਖੋਜਣ ਵਾਲਿਆਂ ਅਤੇ ਨਿਯੋਕਤਾ ਨੂੰ ਰੁਜ਼ਗਾਰ ਅਤੇ ਟ੍ਰੇਨਿੰਗ ਸੇਵਾਵਾਂ ਪ੍ਰਦਾਨ ਕਰਦੇ ਹਨ। ਜ਼ਿਆਦਾਤਰ ਸੇਵਾਵਾਂ ਮੁਫ਼ਤ ਹਨ। ਤੁਹਾਡੇ ਲਈ ਨਜ਼ਦੀਕੀ WorkSource ਦਫ਼ਤਰ ਦਾ ਪਤਾ ਲਗਾਉਣ ਲਈ, WorkSourceWA.com (ਅੰਗਰੇਜ਼ੀ ਵਿੱਚ) 'ਤੇ ਜਾਓ।

ਜੇ ਤੁਸੀਂ Washington ਤੋਂ ਬਾਹਰ ਰਹਿੰਦੇ ਹੋ, ਤਾਂ ਨਜ਼ਦੀਕੀ ਅਮੈਰੀਕਨ ਜੌਬ ਸੈਂਟਰ ਦੀ ਖੋਜ ਕਰਨ ਲਈ careeronestop.org (ਅੰਗਰੇਜ਼ੀ ਵਿੱਚ) 'ਤੇ ਜਾਓ ਜਾਂ 877-872-5627 'ਤੇ ਕਾਲ ਕਰੋ। WorkSource ਦਫ਼ਤਰ ਕੀਮਤੀ ਕਲਾਸਾਂ, ਵਰਕਸ਼ਾਪਾਂ ਅਤੇ ਹੋਰ ਸੇਵਾਵਾਂ ਪੇਸ਼ ਕਰਦੇ ਹਨ ਜੋ ਤੁਹਾਡੀ ਹਫ਼ਤਾਵਾਰੀ ਨੌਕਰੀ ਲੱਭਣ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਹੇਠਾਂ WorkSource ਦੀ ਵਰਚੁਅਲ ਅਤੇ ਵਿਅਕਤੀਗਤ ਸੇਵਾਵਾਂ ਦੀ ਸੂਚੀ ਦਿੱਤੀ ਗਈ ਹੈ:

- ਹੁਨਰ ਦਾ ਮੁਲਾਂਕਣ ਅਤੇ ਕਰੀਅਰ ਸੰਬੰਧੀ ਮਾਰਗਦਰਸ਼ਨ।
- ਨੌਕਰੀ ਲੱਭਣ ਲਈ ਰਣਨੀਤੀਆਂ।
- ਕਿੰਨੀ ਨੌਕਰੀਆਂ 'ਤੇ ਕਿੰਨੀ ਤਨਖਾਹ ਮਿਲੇਗੀ, ਅਤੇ ਨੌਕਰੀਆਂ ਦੀ ਕਿਹੜੀਆਂ ਮੰਗ ਹੈ, ਇਸ ਬਾਰੇ ਜਾਣਕਾਰੀ।
- ਨੌਕਰੀ ਦੀ ਸ਼ੁਰੂਆਤ, ਵਰਚੁਅਲ ਅਤੇ ਵਿਅਕਤੀਗਤ ਤੌਰ 'ਤੇ ਕੰਮ' 'ਤੇ ਰੱਖਣ ਵਾਲੇ ਪਰੋਗ੍ਰਾਮਾਂ ਦਾ ਹਵਾਲਾ।
- ਨੌਕਰੀ ਲੱਭਣ ਸੰਬੰਧੀ ਸਹਾਇਤਾ ਸੇਵਾਵਾਂ ਲਈ ਰੈਫਰਲ ਅਤੇ ਮੁਲਾਕਾਤਾਂ।
- ਤੁਹਾਡੇ ਰਿਜ਼ਿਊਮ ਨੂੰ ਤਿਆਰ ਕਰਨ ਅਤੇ ਨੌਕਰੀ ਲਈ ਇੰਟਰਵਿਊ ਦੇਣ ਤਿਆਰ ਹੋਣ ਵਿੱਚ ਸਹਾਇਤਾ ਕਰਨਾ।
- ਦੂਜੇ ਨੌਕਰੀ ਲੱਭਣ ਵਾਲਿਆਂ ਨਾਲ ਨੌਕਰੀ ਲੱਭਣ ਸੰਬੰਧੀ ਰਣਨੀਤੀਆਂ ਨੂੰ ਸਾਂਝਾ ਕਰਨਾ।
- ਪਰੰਪਰਾਗਤ ਟ੍ਰੇਨਿੰਗ ਪ੍ਰੋਗਰਾਮਾਂ ਦੇ ਨਾਲ ਮੁਫ਼ਤ ਔਨਲਾਈਨ ਟ੍ਰੇਨਿੰਗ ਦੀ ਪਹੁੰਚ।
- ਬੇਰੁਜ਼ਗਾਰੀ ਨਾਲ ਨਜਿੱਠਣ ਵਿੱਚ ਤੁਹਾਡੀ ਮਦਦ ਕਰਨ ਲਈ ਫੂਡ ਬੈਂਕਾਂ, ਮੁਫਤ ਕ੍ਰੈਡਿਟ ਕਾਉਂਸਲਿੰਗ, ਸਿਹਤ, ਰਿਹਾਇਸ਼, ਸਹੂਲਤਾਂ ਸਹਾਇਤਾ ਅਤੇ ਹੋਰ ਬਹੁਤ ਸਾਰੇ ਕਮਿਉਨਿਟੀ ਸਰੋਤਾਂ ਦਾ ਹਵਾਲਾ। ਵਾਧੂ ਸਰੋਤਾਂ ਲਈ ਤੁਸੀਂ 211 'ਤੇ ਵੀ ਕਾਲ ਕਰ ਸਕਦੇ ਹੋ।

**ਮੈਨੂੰ ਐਕਸਟੈਂਡਿਡ ਬੈਨੀਫਿਟਸ ਮਿਲ ਰਹੇ ਹਨ। ਕੀ ਇਸ ਪ੍ਰੋਗਰਾਮ ਲਈ ਨੌਕਰੀ ਲੱਭਣ ਸੰਬੰਧੀ ਲੋੜਾਂ ਇੱਕੋ ਜਿਹੀਆਂ ਹਨ?**

*(ਨੋਟ: ਵਾਧੂ ਲਾਭ ਇਸ ਸਮੇਂ Washington ਵਿੱਚ ਉਪਲਬਧ ਨਹੀਂ ਹਨ। ਵਧੇਰੇ ਜਾਣਨ ਲਈ ਲਾਭ ਐਕਸਟੈਂਸ਼ਨਾਂ ਪੰਨੇ 'ਤੇ ਜਾਓ।)* (ਅੰਗਰੇਜ਼ੀ ਵਿੱਚ)

**ਜੇ ਤੁਸੀਂ ਆਪਣੇ 26 ਹਫ਼ਤਿਆਂ ਦੀ ਨਿਯਮਤ ਬੇਰੁਜ਼ਗਾਰੀ ਅਤੇ ਆਪਣੀ ਫੈਡਰਲ PEUC ਨੂੰ ਖਤਮ ਕਰ ਚੁੱਕੇ ਹੋ, ਤਾਂ ਤੁਸੀਂ ਵਧੇ ਹੋਏ ਲਾਭ ਦੇ ਯੋਗ ਹੋ ਸਕਦੇ ਹੋ, ਜੋ 13 ਵਾਧੂ ਹਫ਼ਤਿਆਂ ਦੇ ਲਾਭ ਦੀ ਇਜਾਜ਼ਤ ਦਿੰਦਾ ਹੈ।** ਇਸ ਪ੍ਰੋਗਰਾਮ ਦੀਆਂ ਨੌਕਰੀ ਲੱਭਣ ਸੰਬੰਧੀ ਸਖ਼ਤ ਲੋੜਾਂ ਹਨ, ਜੋ ਨਿਯਮਤ ਬੇਰੁਜ਼ਗਾਰੀ ਦੀ ਨੌਕਰੀ ਲੱਭਣ ਸੰਬੰਧੀ ਲੋੜਾਂ ਤੋਂ ਵੱਖਰੀਆਂ ਹਨ। ਨੌਕਰੀ ਲੱਭਣ ਸੰਬੰਧੀ ਲੋੜਾਂ ਨੂੰ ਪੂਰਾ ਨਾ ਕਰਨ ਦੇ ਨਤੀਜੇ ਵਧੇਰੇ ਹਨ। ਜੇ ਤੁਸੀਂ ਅਰਜ਼ੀ ਦਿੰਦੇ ਹੋ ਅਤੇ ਐਕਸਟੈਂਡਿਡ ਬੈਨੀਫਿਟਸ ਦੇ ਯੋਗ ਹੋ, ਤਾਂ ਅਸੀਂ ਤੁਹਾਨੂੰ ਤੁਹਾਡੀ ਨੌਕਰੀ ਖੋਜ ਕਰਨ ਲਈ ਨਿਰਦੇਸ਼ ਦਿੱਤੇ ਜਾਣਗੇ। ਐਕਸਟੈਡਿਡ ਬੈਨੀਫਿਟਸ ਬੈਨੀਫਿਟ ਐਕਸਟੈਂਸ਼ਨਜ਼ ਪੰਨੇ 'ਤੇ (ਅੰਗਰੇਜ਼ੀ ਵਿੱਚ) ਕਿਵੇਂ ਅਰਜ਼ੀ ਕਰਨਾ ਹੈ, ਬਾਰੇ ਜ਼ਿਆਦਾ ਜਾਣਕਾਰੀ।

# ਨੌਕਰੀ ਲੱਭਣ ਵਿੱਚ ਮਦਦ ਪ੍ਰਾਪਤ ਕਰੋ

**ਕੀ ਤੁਸੀਂ ਨੌਕਰੀ ਲੱਭਣ ਵਿੱਚ ਸਹਾਇਤਾ ਲਈ ਕਿਸੇ ਸਮਰਪਿਤ ਮਾਹਰ ਨਾਲ ਜੁੜਨਾ ਚਾਹੁੰਦੇ ਹੋ? ਤਾਂ WorkSource ਇੱਥੇ ਤੁਹਾਡੇ ਲਈ ਹੈ!**

WorkSource ਸਟਾਫ਼ ਤੁਹਾਨੂੰ ਹੁਣੇ ਹੀ ਤੁਹਾਡੀ ਕਮਿਉਨਿਟੀ ਵਿੱਚ ਨੌਕਰੀ ਦੇਣ ਵਾਲੇ ਨਿਯੋਕਤਾ ਨਾਲ ਜੋੜ ਸਕਦਾ ਹੈ, ਟ੍ਰੇਨਿੰਗ ਦੇ ਮੌਕਿਆਂ ਦੀ ਪਛਾਣ ਕਰ ਸਕਦਾ ਹੈ ਜਾਂ ਤੁਹਾਡੀ ਅਰਜ਼ੀ ਅਤੇ ਇੰਟਰਵਿਊ ਦੇ ਹੁਨਰਾਂ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਇੱਥੇ ਜਾਣੋ ਕੀ ਤੁਹਾਨੂੰ ਕੀ ਕਰਨਾ ਹੈ:

- WorkSource ਟੀਮ ਦੇ ਮੈਂਬਰ ਨਾਲ ਜੁੜਨ ਦਾ ਸਭ ਤੋਂ ਵਧੀਆ ਤਰੀਕਾ ਵਰਚੁਅਲ ਤੌਰ 'ਤੇ ਜੁੜਨਾ ਹੈ।
- ਜੇ ਇਹ ਤੁਹਾਡੇ ਲਈ ਕੰਮ ਨਹੀਂ ਕਰਦਾ, ਤਾਂ ਕੁਝ WorkSource ਦਫਤਰ ਵਿਅਕਤੀਗਤ ਸੇਵਾਵਾਂ ਲਈ ਦੁਬਾਰਾ ਖੋਲ੍ਹ ਰਹੇ ਹਨ। ਇਹ ਸਿਰਫ਼ ਮੁਲਾਕਾਤ ਦੁਆਰਾ ਹੋ ਸਕਦਾ ਹੈ।
- ਕਿਰਪਾ ਕਰਕੇ ਆਪਣੇ ਖੇਤਰ ਵਿੱਚ ਵਰਚੁਅਲ ਅਤੇ ਵਿਅਕਤੀਗਤ ਸੇਵਾਵਾਂ ਲਈ ਉਪਲਬਧ ਵਿਕਲਪਾਂ ਨੂੰ ਲੱਭਣ ਲਈ WorkSource ਦੇ ਦਫ਼ਤਰ ਲੋਕੇਟਰ ਪੰਨੇ 'ਤੇ (ਅੰਗਰੇਜ਼ੀ ਵਿੱਚ) ਜਾਓ।
- ਅਸੀਂ ਉਮੀਦ ਕਰਦੇ ਹਾਂ ਕਿ ਜ਼ਰੂਰਤ ਲਾਗੂ ਹੋਣ ਤੋਂ ਬਾਅਦ WorkSource ਸੇਵਾਵਾਂ ਲਈ ਮੰਗ ਵਧੇਰੇ ਹੋ ਸਕਦੀ ਹੈ। ਕਿਰਪਾ ਕਰਕੇ WorkSourceWA.com ਵਿਖੇ ਦਫ਼ਤਰ ਦੇ ਲੋਕੇਟਰ ਪੰਨੇ 'ਤੇ (ਅੰਗਰੇਜ਼ੀ ਵਿੱਚ) ਆਪਣੀ ਕਮਿਉਨਿਟੀ ਵਿੱਚ ਮਾਹਰ ਨਾਲ ਜੁੜਨ ਦੇ ਸਭ ਤੋਂ ਵਧੀਆ ਤਰੀਕੇ ਦੀ ਜਾਂਚ ਕਰੋ।

Employment Security Department
WASHINGTON STATE

## ਆਪਣੇ ਸਥਾਨਕ WorkSource ਦਫਤਰ ਜਾਂ ਅਮਰੀਕੀ ਜੌਬ ਸੈਂਟਰ ਦਾ ਪਤਾ ਕਰੋ?

**Washington:** WorkSourceWA.com

**Washington ਤੋਂ ਬਾਹਰ:** careeronestop.org ਜਾਂ 877-872-5627

*ਰੁਜ਼ਗਾਰ ਸੁਰੱਖਿਆ ਡਿਪਾਰਟਮੈਂਟ (Employment Security Department) ਇੱਕ ਸਮਾਨ ਅਵਸਰ ਨਿਯੋਕਤਾ/ਪ੍ਰੋਗਰਾਮ ਹੈ। ਬੇਨਤੀ ਕਰਨ 'ਤੇ ਅਯੋਗ ਵਿਅਕਤੀਆਂ ਲਈ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਅੰਗਰੇਜ਼ੀ ਭਾਸ਼ਾ ਵਿੱਚ ਕਮਜ਼ੋਰ ਵਿਅਕਤੀਆਂ ਲਈ ਮੁਫਤ ਭਾਸ਼ਾ ਸਹਾਇਤਾ ਸੇਵਾਵਾਂ ਉਪਲਬਧ ਹਨ। Washington ਰੀਲੇਅ ਸਰਵਿਸ: 711 ।*